16-JAN-PAGE-1.qxd 1/15/2024 10:18 PM Page 1

ਮੰਗਲਵਾਰ, 16 ਜਨਵਰੀ, 2024
3 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 227

ਨਵਾਂ ਜ਼ਮਾਨਾ

DAILY NAWAN ZAMANA • TUESDAY, 16 JANUARY, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਬਸਪਾ ਦੀ 'ਇੰਡੀਆ' ਨਾਲ ਰਲਣ ਤੋਂ ਨਾਂਹ

ਪੰਜਾਬ 'ਚ ਅਕਾਲੀ-ਬਸਪਾ ਗਠਜੋੜ ਵੀ ਜਾਂਦਾ ਲੱਗਾ !

ਲਖਨਊ : ਬਸਪਾ ਪ੍ਰਧਾਨ ਮਾਇਆਵਤੀ ਨੇ ਸੋਮਵਾਰ ਕਿਹਾ ਕਿ ਉਨ੍ਹਾ ਦੀ ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਇਕੱਲੇ ਲੜੇਗੀ ਅਤੇ ਨਾ ਤਾਂ ਇੰਡੀਆ ਗਠਜੋੜ ਤੇ ਨਾ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਨਾਲ ਭਾਈਵਾਲੀ ਕਰੇਗੀ। ਆਪਣੇ 68ਵੇਂ ਜਨਮ ਦਿਨ 'ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮਾਇਆਵਤੀ ਨੇ ਕਿਹਾ ਕਿ ਉਨ੍ਹਾ ਦੀ ਰਾਜਨੀਤੀ ਤੋਂ ਸੰਨਿਆਸ ਲੈਣ ਦੀ ਕੋਈ ਯੋਜਨਾ ਨਹੀਂ, ਜਿਵੇਂ ਕਿ ਮੀਡੀਆ ਦੇ ਇਕ ਹਿੱਸੇ 'ਚ ਦੱਸਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਉਨ੍ਹਾ ਨੂੰ ਰਾਮ ਮੰਦਰ ਦੇ ਪਵਿੱਤਰ ਸਮਾਰੋਹ ਲਈ ਸੱਦਾ ਮਿਲਿਆ ਹੈ, ਪਰ ਹਾਲੇ ਤੱਕ ਇਸ 'ਚ ਸ਼ਾਮਲ ਹੋਣ ਬਾਰੇ ਕੋਈ ਫੈਸਲਾ ਨਹੀਂ ਲਿਆ। ਉਨ੍ਹਾ ਮੰਦਰ ਦੀ ਉਸਾਰੀ ਦਾ ਸਵਾਗਤ ਕਰਦਿਆਂ ਕਿਹਾ ਕਿ ਬਸਪਾ ਮਸਜਿਦ ਦੀ ਉਸਾਰੀ ਦਾ ਸਵਾਗਤ ਵੀ ਕਰੇਗੀ, ਕਿਉਂਕਿ ਪਾਰਟੀ ਧਰਮਾਂ 'ਚ ਕੋਈ ਭੇਦਭਾਵ ਨਹੀਂ ਕਰਦੀ।

ਕਾਂਗਰਸ ਦੀ ਇੱਛਾ ਸੀ ਕਿ ਬਸਪਾ ਇੰਡੀਆ ਵਿਚ ਸ਼ਾਮਲ ਹੋਵੇ। ਬਸਪਾ ਦੇ ਇਕੱਲੇ ਲੜਨ ਨਾਲ ਯੂ ਪੀ ਵਿਚ ਕਾਂਗਰਸ ਤੇ ਸਮਾਜਵਾਦੀ ਪਾਰਟੀ ਨੂੰ ਮੁਸ਼ਕਲ ਪੈਦਾ ਹੋਵੇਗੀ। ਮਾਇਆਵਤੀ ਦਾ ਕਹਿਣਾ ਹੈ ਕਿ ਗਠਜੋੜ ਕਰਨ ਨਾਲ ਬਸਪਾ ਦੇ ਵੋਟ ਤਾਂ ਦੂਜੀਆਂ ਪਾਰਟੀਆਂ ਨੂੰ ਪੈ ਜਾਂਦੇ ਹਨ, ਪਰ ਉਨ੍ਹਾਂ ਦੇ ਬਸਪਾ ਨੂੰ ਨਹੀਂ ਪੈਂਦੇ। ਤਾਂ ਵੀ, ਮਾਇਆਵਤੀ ਨੇ ਕਿਹਾ ਕਿ ਚੋਣ ਨਤੀਜਿਆਂ ਤੋਂ ਬਾਅਦ ਹਮਾਇਤ ਦੇਣ ਬਾਰੇ ਉਹ ਸੋਚ ਸਕਦੇ ਹਨ। 2019 ਦੀਆਂ ਚੋਣਾਂ ਬਸਪਾ ਸਮਾਜਵਾਦੀ ਪਾਰਟੀ ਨਾਲ ਮਿਲ ਕੇ ਲੜੀ ਸੀ। ਯੂ ਪੀ ਦੀਆਂ 80 ਸੀਟਾਂ ਵਿੱਚੋਂ ਸਮਾਜਵਾਦੀ ਪਾਰਟੀ ਨੇ 10 ਜਿੱਤੀਆਂ ਸਨ, ਜਦਕਿ ਬਸਪਾ ਪੰਜ ਜਿੱਤ ਸਕੀ ਸੀ।

ਮਾਇਆਵਤੀ ਨੇ ਕਿਹਾ ਕਿ ਬਹੁਤੀਆਂ ਪਾਰਟੀਆਂ ਦੀ ਮਾਨਸਿਕਤਾ ਜਾਤੀਵਾਦੀ ਹੈ। ਉਨ੍ਹਾ ਕਿਹਾ ਕਿ ਹਰ ਚੋਣ 'ਚ ਈ ਵੀ ਐੱਮ 'ਚ ਧਾਂਦਲੀ ਕੀਤੀ ਜਾ ਰਹੀ ਹੈ, ਈ ਵੀ ਐੱਮ ਦੇ ਖਿਲਾਫ ਕਈ ਆਵਾਜ਼ਾਂ ਉਠ ਰਹੀਆਂ ਹਨ। ਉਨ੍ਹਾ ਭਾਜਪਾ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ ਲੋਕਾਂ ਨੂੰ ਮੁਫਤ ਰਾਸ਼ਨ ਦੇ ਕੇ ਠੱਗਿਆ ਗਿਆ ਹੈ। ਉਨ੍ਹਾਂ ਨੂੰ ਰਾਸ਼ਨ ਦੇ ਕੇ ਗੁਲਾਮ ਬਣਾਇਆ ਜਾ ਰਿਹਾ ਹੈ।

ਮਾਇਆਵਤੀ ਦੇ ਐਲਾਨ ਨਾਲ ਪੰਜਾਬ ਵਿਚ ਅਕਾਲੀ ਦਲ ਤੇ ਬਸਪਾ ਵਿਚਾਲੇ ਗਠਜੋੜ ਵੀ ਖਤਮ ਹੋ ਗਿਆ ਹੈ। ਹਾਲਾਂਕਿ ਅਕਾਲੀ ਦਲ ਕੌਮੀ ਪੱਧਰ 'ਤੇ ਕਿਸੇ ਗਠਜੋੜ ਵਿਚ ਸ਼ਾਮਲ ਨਹੀਂ, ਪਰ ਮਾਇਆਵਤੀ ਨੇ ਸਾਫ ਕਹਿ ਦਿੱਤਾ ਹੈ ਕਿ ਉਹ ਕਿਸੇ ਵੀ ਪਾਰਟੀ ਨਾਲ ਗੱਠਜੋੜ ਨਹੀਂ ਕਰਨਗੇ।

ਕਿਸਾਨ ਜਥੇਬੰਦੀਆਂ 'ਚ ਏਕਤਾ ਦਾ ਅਮਲ ਸਿਰੇ ਚੜ੍ਹਿਆ

- ਰਾਜੇਵਾਲ ਨਾਲ ਸੰਬੰਧਤ ਪੰਜ ਕਿਸਾਨ ਜਥੇਬੰਦੀਆਂ ਦੀ 32 ਕਿਸਾਨ ਜਥੇਬੰਦੀਆਂ ਦੇ ਚੈਪਟਰ 'ਚ ਘਰ ਵਾਪਸੀ
- 18 ਨੂੰ ਲੱਗਣ ਵਾਲਾ ਚੰਡੀਗੜ੍ਹ ਮੋਰਚਾ ਮੁਲਤਵੀ • ਸੰਘਰਸ਼ ਦੀ ਅਗਲੀ ਰਣਨੀਤੀ ਬਣਾਉਣ ਲਈ 28 ਨੂੰ ਮੁੜ ਮੀਟਿੰਗ

ਜਲੰਧਰ (ਗਿਆਨ ਸੈਦਪੁਰੀ)

ਸੰਯੁਕਤ ਕਿਸਾਨ ਮੋਰਚਾ ਦੇ ਪੰਜਾਬ ਚੈਪਟਰ ਦੀਆਂ ਕਿਸਾਨ ਜਥੇਬੰਦੀਆਂ ਦੀ ਬਲਬੀਰ ਸਿੰਘ ਰਾਜੇਵਾਲ ਗਰੁੱਪ ਨਾਲ ਸੰਬੰਧਤ ਪੰਜ ਕਿਸਾਨ ਜਥੇਬੰਦੀਆਂ ਨਾਲ ਇੱਕ ਸਾਂਝੀ ਮੀਟਿੰਗ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਬੂਟਾ ਸਿੰਘ ਬੁਰਜ ਗਿੱਲ, ਡਾ. ਸਤਨਾਮ ਸਿੰਘ ਅਜਨਾਲਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਕੀਤੀ। ਮੀਟਿੰਗ ਵਿੱਚ ਪੰਜ ਕਿਸਾਨ ਜਥੇਬੰਦੀਆਂ ਨਾਲ 32 ਕਿਸਾਨ ਜਥੇਬੰਦੀਆਂ ਦੇ ਚੈਪਟਰ ਦੀ ਏਕਤਾ ਦੇ ਬੀਤੇ ਸਮੇਂ ਤੋਂ ਚੱਲ ਰਹੇ ਅਮਲ ਨੂੰ ਸੋਮਵਾਰ ਉਸ ਸਮੇਂ ਬੂਰ ਪੈ ਗਿਆ, ਜਦੋਂ ਪੰਜ ਕਿਸਾਨ ਜਥੇਬੰਦੀਆਂ ਦੀ 32 ਜਥੇਬੰਦੀਆਂ ਦੇ ਚੈਪਟਰ 'ਚ ਘਰ ਵਾਪਸੀ ਹੋ ਗਈ।

ਮੀਟਿੰਗ ਵਿੱਚ ਪੰਜ ਕਿਸਾਨ ਜਥੇਬੰਦੀਆਂ ਨੇ ਐੱਸ ਕੇ ਐੱਮ ਦੇ ਚੋਣਾਂ ਸੰਬੰਧੀ ਬਣਾਏ ਅਸੂਲ ਕਿ 'ਅੱਗੇ ਤੋਂ ਕੋਈ ਵੀ ਕਿਸਾਨ ਯੂਨੀਅਨ, ਯੂਨੀਅਨ ਦੇ ਤੌਰ ਤੇ ਚੋਣਾਂ ਨਹੀਂ ਲੜੇਗੀ, ਅਜਿਹਾ ਕਰਨ ਉੱਪਰ ਯੂਨੀਅਨ ਨੂੰ ਐੱਸ ਕੇ ਐੱਮ ਵਿੱਚੋਂ ਬਾਹਰ ਕਰ ਦਿੱਤਾ ਜਾਵੇਗਾ। ਕਿਸੇ ਆਗੂ ਵੱਲੋਂ ਚੋਣਾਂ ਲੜਨ 'ਤੇ ਉਸ ਨੂੰ ਐੱਸ ਕੇ ਐੱਮ ਦੀਆਂ ਆਗੂ ਪੁਜ਼ੀਸ਼ਨਾਂ ਤੋਂ ਹਟਾ ਦਿੱਤਾ ਜਾਵੇਗਾ' ਨਾਲ ਸਹਿਮਤੀ ਪ੍ਰਗਟ ਕਰ ਦਿੱਤੀ। ਵਰਨਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਮਗਰੋਂ ਐੱਸ ਕੇ ਐੱਮ ਵਿੱਚ ਆਈ ਦਰਾਰ ਮਗਰੋਂ ਸੰਯੁਕਤ ਕਿਸਾਨ ਮੋਰਚਾ ਨੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਨੂੰ ਸੰਚਾਲਿਤ ਕਰਨ ਲਈ ਨੌਂ-ਨੁਕਾਤੀ ਦਿਸ਼ਾ ਨਿਰਦੇਸ਼ ਬਣਾਏ ਸਨ। ਮੀਟਿੰਗ ਵਿੱਚ ਪੰਜ ਕਿਸਾਨ ਜਥੇਬੰਦੀਆਂ ਨੇ ਅੱਗੇ ਤੋਂ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦਾ ਵਚਨ ਦਿੱਤਾ।

ਮੀਟਿੰਗ ਵਿੱਚ ਹੀ ਪੰਜ ਕਿਸਾਨ ਜਥੇਬੰਦੀਆਂ ਵੱਲੋਂ 18 ਜਨਵਰੀ ਨੂੰ ਚੰਡੀਗੜ੍ਹ ਵਿਖੇ ਪਾਣੀ ਦੇ ਮੁੱਦੇ 'ਤੇ ਲੱਗਣ ਵਾਲੇ ਮੋਰਚੇ ਨੂੰ ਕਿਸਾਨ ਜਥੇਬੰਦੀਆਂ ਦੀ ਅਪੀਲ 'ਤੇ ਮੁਲਤਵੀ ਕਰ ਦਿੱਤਾ ਗਿਆ। ਮੀਟਿੰਗ ਨੇ ਫੈਸਲਾ ਕੀਤਾ ਕਿ ਕਿਸਾਨਾਂ ਦੀਆਂ ਮੰਗਾਂ ਸਮੇਤ ਪਾਣੀ ਦੇ ਸਵਾਲ ਨਾਲ ਸੰਬੰਧਤ ਮੰਗਾਂ ਨੂੰ ਲੈ ਕੇ ਸੰਘਰਸ਼ ਦੀ ਅਗਲੀ ਰਣਨੀਤੀ ਬਣਾਉਣ ਲਈ 28 ਜਨਵਰੀ ਨੂੰ ਚੰਡੀਗੜ੍ਹ ਵਿਖੇ ਮੁੜ ਮੀਟਿੰਗ ਸੱਦੀ ਗਈ ਹੈ।

ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚੇ ਵੱਲੋਂ 16 ਜਨਵਰੀ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਕੌਮੀ ਕਨਵੈਨਸ਼ਨ ਨੂੰ ਸਫਲ ਬਣਾਉਣ ਦਾ ਸੱਦਾ ਦਿੰਦਿਆਂ ਕਿਸਾਨਾਂ ਨੂੰ 26 ਜਨਵਰੀ ਦੀ ਟਰੈਕਟਰ ਪਰੇਡ ਲਈ ਜ਼ੋਰਦਾਰ ਤਿਆਰੀਆਂ ਵਿੱਢਣ ਦੀ ਅਪੀਲ ਕੀਤੀ ਗਈ। ਵਰਨਣਯੋਗ ਹੈ ਕਿ ਕੌਮੀ ਕਨਵੈਨਸ਼ਨ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਕੌਮੀ ਪੱਧਰ ਦੇ ਆਗੂ ਸ਼ਿਰਕਤ ਕਰਨਗੇ।

ਮੀਟਿੰਗ ਵਿੱਚ ਬਲਬੀਰ ਸਿੰਘ ਰਾਜੇਵਾਲ, ਹਰਮੀਤ ਸਿੰਘ ● ਬਾਕੀ ਸਫ਼ਾ 2 'ਤੇ

ਮੁਨੱਵਰ ਰਾਣਾ ਨਹੀਂ ਰਹੇ

ਲਖਨਊ : ਮਸ਼ਹੂਰ ਸ਼ਾਇਰ ਮੁਨੱਵਰ ਰਾਣਾ (71) ਦਾ ਐਤਵਾਰ ਦੇਰ ਰਾਤ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾ ਦੇ ਪਰਵਾਰ ਵਿਚ ਪਤਨੀ, ਚਾਰ ਧੀਆਂ ਤੇ ਇਕ ਪੁੱਤਰ ਹੈ। ਪੁੱਤਰ ਤਬਰੇਜ਼ ਨੇ ਦੱਸਿਆ ਕਿ ਉਹ ਕਈ ਦਿਨਾਂ ਤੋਂ ਇੱਥੇ ਪੀ ਜੀ ਆਈ ਵਿਚ ਭਰਤੀ ਸਨ। ਉਨ੍ਹਾ ਨੂੰ ਕਿਡਨੀ ਤੇ ਦਿਲ ਸੰਬੰਧੀ ਕਈ ਸਮੱਸਿਆਵਾਂ ਸਨ। ਮੁਨੱਵਰ ਨੂੰ ਸਾਹਿਤ ਅਕਾਦਮੀ ਪੁਰਸਕਾਰ ਵੀ ਮਿਲਿਆ ਸੀ, ਪਰ ਸਰਕਾਰ ਨਾਲ ਨਾਰਾਜ਼ਗੀ ਕਾਰਨ ਉਨ੍ਹਾ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਸੀ। ਉਨ੍ਹਾ ਨੂੰ ਅਮੀਰ ਖੁਸਰੋ, ਮੀਰ ਤਕੀ ਮੀਰ ਪੁਰਸਕਾਰ, ਗਾਲਿਬ ਪੁਰਸਕਾਰ, ਡਾ. ਜ਼ਾਕਿਰ ਹੁਸੈਨ ਪੁਰਸਕਾਰ ਤੇ ਸਰਸਵਤੀ ਪੁਰਸਕਾਰ ਸਮੇਤ ਕਈ ਵਕਾਰੀ ਸਨਮਾਨ ਮਿਲੇ ਸਨ। ਹਿੰਦੁਸਤਾਨ ਦੇ ਸਭ ਤੋਂ ਮਸ਼ਹੂਰ ਸ਼ਾਇਰਾਂ ਵਿਚ ਮੰਨੇ ਜਾਂਦੇ ਰਾਣਾ ਦੀ ਨਜ਼ਮ ਦਾ ਉਰਦੂ ਸਾਹਿਤ ਜਗਤ ਵਿਚ ਆਪਣਾ ਹੀ ਮੁਕਾਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁਨੱਵਰ ਰਾਣਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾ ਨੇ ਉਰਦੂ ਸਾਹਿਤ ਅਤੇ ਸ਼ਾਇਰੀ ਵਿਚ ਭਰਪੂਰ ਯੋਗਦਾਨ ਪਾਇਆ।

ਨਵਾਂਸ਼ਹਿਰ ਦਾ ਤਾਪਮਾਨ ਸਿਫਰ ਤੋਂ ਥੱਲੇ

ਚੰਡੀਗੜ੍ਹ : ਸ਼ਹੀਦ ਭਗਤ ਸਿੰਘ ਨਗਰ ਵਿੱਚ ਘੱਟੋ-ਘੱਟ ਤਾਪਮਾਨ 0.2 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ। ਲੁਧਿਆਣਾ ਦਾ ਇੱਕ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 4.6 ਡਿਗਰੀ ਘੱਟ ਹੈ। ਪਟਿਆਲਾ 'ਚ ਤਾਪਮਾਨ 3.2 ਡਿਗਰੀ ਦਰਜ ਕੀਤਾ ਗਿਆ, ਜੋ ਆਮ ਨਾਲੋਂ 3.4 ਡਿਗਰੀ ਘੱਟ ਹੈ, ਜਦਕਿ ਅੰਮ੍ਰਿਤਸਰ 'ਚ ਘੱਟੋਘੱਟ ਤਾਪਮਾਨ 5.7, ਪਠਾਨਕੋਟ, ਬਠਿੰਡਾ, ਫਰੀਦਕੋਟ ਤੇ ਗੁਰਦਾਸਪੁਰ 'ਚ ਕ੍ਰਮਵਾਰ 3.8, 2.2, 4.4 ਅਤੇ 3.1 ਡਿਗਰੀ ਰਿਹਾ। ਚੰਡੀਗੜ੍ਹ ਦਾ 3.6 ਡਿਗਰੀ ਦਰਜ ਕੀਤਾ ਗਿਆ, ਜੋ ਆਮ ਨਾਲੋਂ 3.3 ਡਿਗਰੀ ਘੱਟ ਹੈ। ਨਾਰਨੌਲ ਹਰਿਆਣਾ ਦਾ ਸਭ ਤੋਂ ਠੰਢਾ ਸਥਾਨ ਰਿਹਾ, ਜਿੱਥੇ ਘੱਟੋ ਘੱਟ ਤਾਪਮਾਨ 1.8 ਡਿਗਰੀ ਦਰਜ ਕੀਤਾ ਗਿਆ।

ਏ ਟੀ ਐੱਮ ਕੱਟਦਿਆਂ ਅੱਗ ਲੱਗਣ ਨਾਲ 21 ਲੱਖ ਸੁਆਹ

ਠਾਣੇ : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਵਿਚ ਚੋਰਾਂ ਨੇ ਗੈਸ ਕਟਰ ਨਾਲ ਏ ਟੀ ਐੱਮ ਨੂੰ ਕੱਟ ਕੇ ਲੁੱਟਣ ਦੀ ਕੋਸ਼ਿਸ਼ ਕੀਤੀ ਤਾਂ ਅੱਗ ਲੱਗ ਗਈ, ਜਿਸ ਕਾਰਨ 21 ਲੱਖ ਰੁਪਏ ਦੀ ਨਕਦੀ ਸੜ ਕੇ ਸੁਆਹ ਹੋ ਗਈ। ਇਹ ਘਟਨਾ 13 ਜਨਵਰੀ ਦੀ ਅੱਧੀ ਰਾਤ ਨੂੰ ਡੋਂਬੀਵਾਲੀ ਟਾਊਨਸ਼ਿਪ ਦੇ ਵਿਸ਼ਨੂ ਨਗਰ ਇਲਾਕੇ 'ਚ ਸਰਕਾਰੀ ਬੈਂਕ ਦੇ ਏ ਟੀ ਐੱਮ ਬੂਥ 'ਤੇ ਵਾਪਰੀ। ਅਣਪਛਾਤੇ ਵਿਅਕਤੀ ਬੂਥ ਦੇ ਸ਼ਟਰ ਦਾ ਤਾਲਾ ਤੋੜ ਕੇ ਅੰਦਰ ਦਾਖਲ ਹੋਏ ਅਤੇ ਗੈਸ ਕਟਰ ਨਾਲ ਏ ਟੀ ਐੱਮ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਜ਼ਿਆਦਾ ਗਰਮੀ ਹੋਣ ਕਾਰਨ ਅੱਗ ਲੱਗ ਗਈ ਅਤੇ ਮਸ਼ੀਨ 'ਚ ਪਏ ਕਰੀਬ 21,11,800 ਰੁਪਏ ਸੁਆਹ ਹੋ ਗਏ।

ਥੋਕ ਮਹਿੰਗਾਈ 'ਚ ਵਾਧਾ

ਨਵੀਂ ਦਿੱਲੀ : ਥੋਕ ਮੁੱਲ ਸੂਚਕ ਅੰਕ ਆਧਾਰਤ ਮਹਿੰਗਾਈ ਦਸੰਬਰ 2023 'ਚ ਵਧ ਕੇ 0.73 ਫੀਸਦ ਤੱਕ ਪੁੱਜ ਗਈ। ਥੋਕ ਮਹਿੰਗਾਈ ਅਪਰੈਲ ਤੋਂ ਅਕਤੂਬਰ ਤੱਕ ਮਨਫੀ ਰਹੀ ਤੇ ਨਵੰਬਰ ਵਿੱਚ 0.26 ਫੀਸਦੀ 'ਤੇ ਆ ਗਈ ਸੀ। ਸਰਕਾਰੀ ਅੰਕੜਿਆਂ ਮੁਤਾਬਕ ਦਸੰਬਰ 2023 'ਚ ਥੋਕ ਮਹਿੰਗਾਈ ਖੁਰਾਕੀ ਵਸਤਾਂ, ਮਸ਼ੀਨਰੀ ਅਤੇ ਉਪਕਰਣ, ਨਿਰਮਾਣ, ਕੰਪਿਊਟਰ ਤੇ ਇਲੈਕਟ੍ਰੋਨਿਕਸ ਸਾਮਾਨ ਦੀਆਂ ਕੀਮਤਾਂ ਕਾਰਨ ਵਧੀ ਹੈ।

'ਆਪ' ਤੇ ਕਾਂਗਰਸ ਵਿਚਾਲੇ ਚੰਡੀਗੜ੍ਹ ਦੇ ਮੇਅਰ ਲਈ ਗਠਜੋੜ

ਚੰਡੀਗੜ੍ਹ : ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਚੰਡੀਗੜ੍ਹ ਵਿਚ ਮੇਅਰ ਚੋਣਾਂ ਤੋਂ ਪਹਿਲਾਂ ਗਠਜੋੜ ਹੋ ਗਿਆ ਹੈ। ਸਾਬਕਾ ਮੰਤਰੀ ਤੇ ਚੰਡੀਗੜ੍ਹ ਦੇ ਸਾਬਕਾ ਐੱਮ ਪੀ ਪਵਨ ਬਾਂਸਲ ਨੇ ਕਿਹਾ ਕਿ ਕਿ ਮੇਅਰ ਦਾ ਅਹੁਦਾ ਆਮ ਆਦਮੀ ਪਾਰਟੀ ਕੋਲ ਹੀ ਰਹੇਗਾ ਅਤੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦੇ ਕਾਂਗਰਸ ਕੋਲ ਹੋਣਗੇ।

ਬਾਂਸਲ ਨੇ ਦੱਸਿਆ—ਲੋਕ ਸਭਾ ਚੋਣਾਂ ਤੋਂ ਪਹਿਲਾਂ ਨਿਗਮ ਚੋਣਾਂ ਆ ਗਈਆਂ ਹਨ। ਅਸੀਂ ਸਾਰਿਆਂ ਨੇ ਇਸ 'ਤੇ ਚਰਚਾ ਕੀਤੀ ਅਤੇ ਫੈਸਲਾ ਕੀਤਾ ਕਿ 'ਆਪ' ਮੇਅਰ ਦੇ ਅਹੁਦੇ ਲਈ ਅਤੇ ਕਾਂਗਰਸ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦੇ ਲਈ ਚੋਣ ਲੜੇਗੀ। ਨਤੀਜਾ ਇਹ ਹੋਵੇਗਾ ਕਿ ਇੰਡੀਆ ਬਲਾਕ ਤੋਂ ਸਾਡਾ ਉਮੀਦਵਾਰ ਚੰਗੇ ਬਹੁਮਤ ਨਾਲ ਕਾਮਯਾਬ ਹੋਵੇਗਾ।

ਮੇਅਰ ਦੀ ਚੋਣ ਦੀ ਕਾਰਵਾਈ 18 ਜਨਵਰੀ ਨੂੰ ਸੈਕਟਰ-17 ਸਥਿਤ ਨਗਰ ਨਿਗਮ ਦਫਤਰ 'ਚ ਸਵੇਰੇ 11 ਵਜੇ ਤੋਂ ਸ਼ੁਰੂ ਹੋਵੇਗੀ। ਸਭ ਤੋਂ ਪਹਿਲਾਂ ਮੇਅਰ ਅਤੇ ਫਿਰ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦੇ ਲਈ ਵੋਟਿੰਗ ਹੋਵੇਗੀ। ਵੋਟਿੰਗ ਬੈਲਟ ਪੇਪਰ ਰਾਹੀਂ ਹੋਵੇਗੀ। ਨਗਰ ਨਿਗਮ 'ਚ 35 ਕੌਂਸਲਰ ਹਨ। ਇਨ੍ਹਾਂ 35 ਵੋਟਾਂ ਤੋਂ ਇਲਾਵਾ ਸੰਸਦ ਮੈਂਬਰ ਕਿਰਨ ਖੇਰ ਦੀ ਵੀ ਵੋਟ ਹੈ, ਜੋ ਕਿ ਭਾਜਪਾ ਦੀ ਹੈ। ਭਾਜਪਾ ਦੇ 14, 'ਆਪ' ਦੇ 13, ਕਾਂਗਰਸ ਦੇ 7 ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਕੌਂਸਲਰ ਹੈ। ਇਸ ਤੋਂ ਪਹਿਲਾਂ ਭਾਜਪਾ ਦੀ ਸਰਬਜੀਤ ਕੌਰ ਅਤੇ ਅਨੂਪ ਗੁਪਤਾ ਇਕ-ਇਕ ਸਾਲ ਲਈ ਦੋ ਵਾਰ ਮੇਅਰ ਬਣ ਚੁੱਕੇ ਹਨ। ਆਪ ਅਤੇ ਕਾਂਗਰਸ ਦੇ ਗਠਜੋੜ ਦੀਆਂ 20 ਵੋਟਾਂ ਹੋਣਗੀਆਂ ਅਤੇ ਉਹ ਤਿੰਨੋਂ ਅਹੁਦਿਆਂ 'ਤੇ ਜਿੱਤ ਹਾਸਲ ਕਰ ਸਕਦਾ ਹੈ। ਇਹ ਵੀ ਰਿਪੋਰਟਾਂ ਹਨ ਕਿ ਆਮ ਆਦਮੀ ਪਾਰਟੀ ਲੋਕ ਸਭਾ ਸੀਟ 'ਤੇ ਕਾਂਗਰਸ ਨੂੰ ਸਮਰਥਨ ਦੇ ਸਕਦੀ ਹੈ।

ਰਾਹੁਲ ਨੇ ਲੋਕਾਂ ਦੀਆਂ ਸਮੱਸਿਆਵਾਂ ਜਾਣੀਆਂ

ਇੰਫਾਲ : ਰਾਹੁਲ ਗਾਂਧੀ ਨੇ ਸੋਮਵਾਰ ਇੱਥੇ ਸੇਕਮਾਈ ਤੋਂ 'ਭਾਰਤ ਜੋੜੋ ਨਿਆਏ ਯਾਤਰਾ' ਦੇ ਦੂਜੇ ਦਿਨ ਦੀ ਸ਼ੁਰੂਆਤ ਕੀਤੀ ਅਤੇ ਰਸਤੇ 'ਚ ਯਾਤਰਾ ਦਾ ਸਵਾਗਤ ਕਰਨ ਲਈ ਕਤਾਰ 'ਚ ਖੜ੍ਹੇ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾ ਲੋੜਾਂ ਮੁਤਾਬਕ ਬਦਲੀ ਹੋਈ ਵੋਲਵੋ ਬੱਸ 'ਚ ਸਫਰ ਸ਼ੁਰੂ ਕੀਤਾ। ਉਹ ਕੁਝ ਦੂਰ ਤੱਕ ਤੁਰੇ ਵੀ। ਉਨ੍ਹਾ ਲੋਕਾਂ ਤੋਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਪੁੱਛਿਆ। ਜਦੋਂ ਬੱਸ ਇੱਥੋਂ ਦੇ ਕਈ ਰੁਝੇਵਿਆਂ ਵਾਲੇ ਖੇਤਰਾਂ ਵਿੱਚੋਂ ਲੰਘੀ ਤਾਂ ਬਹੁਤ ਸਾਰੇ ਲੋਕ, ਜਿਨ੍ਹਾਂ 'ਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ, ਰੂਟ 'ਚ ਕਤਾਰਾਂ 'ਚ ਖੜ੍ਹੇ ਹੋ ਗਏ ਅਤੇ ਰਾਹੁਲ ਦੇ ਹੱਕ 'ਚ ਨਾਅਰੇਬਾਜ਼ੀ ਕੀਤੀ।

ਫਲਾਈਟ ਲੇਟ ਹੋਣ ਕਾਰਨ ਪਾਇਲਟ 'ਤੇ ਹਮਲਾ

ਨਵੀਂ ਦਿੱਲੀ

16-JAN-PAGE-1.qxd 1/15/2024 10:19 PM Page 2

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਨਗਰ ਕੀਰਤਨ ਸਜਾਇਆ

ਬੁਢਲਾਡਾ (ਅਸ਼ੋਕ ਲਾਕੜਾ)-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 358ਵਾਂ ਆਗਮਨ ਪੁਰਬ ਗੁਰਦੁਆਰਾ ਸਾਹਿਬ ਸਿੰਘ ਸਭਾ ਇਲਾਕਾ ਬਾਰਾ ਵਿਖੇ 15, 16, 17 ਜਨਵਰੀ ਨੂੰ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ।ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪ੍ਰਕਾਸ਼ ਰੱਖੇ ਗਏ ਉਪਰੰਤ ਦੁਪਹਿਰ 12 ਵਜੇ ਮਹਾਨ ਅਲੌਕਿਕ ਨਗਰ ਕੀਰਤਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਤੇ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗਾਂਧੀ ਬਾਜ਼ਾਰ, ਗੋਲ ਚੱਕਰ, ਭਿੱਖੀ ਰੋਡ, ਬੋਹਾ ਰੋਡ, ਬੱਸ ਸਟੈਂਡ ਰੋਡ, ਬੁਢਲਾਡਾ ਪਿੰਡ ਦੀ ਫਿਰਨੀ, ਫਵਾਰਾ ਚੌਕ, ਰੇਲਵੇ ਰੋਡ ਤੋਂ ਹੁੰਦਾ ਦੇਰ ਸ਼ਾਮ ਗੁਰਦੁਆਰਾ ਸਾਹਿਬ ਪਹੁੰਚਿਆ ਨਗਰ ਕੀਰਤਨ ਦੌਰਾਨ ਸਕੂਲਾਂ ਦੇ ਬੱਚੇ ਗੱਤਕਾ ਪਾਰਟੀ ਕਵੀਸ਼ਰੀ ਜਥੇ ਢਾਡੀ ਜਥੇ ਰਾਗੀ ਜੱਥੇ ਤੇ ਬੀਬੀਆਂ ਦੇ ਜੱਥੇਆ ਗੁਰਬਾਣੀ ਕੀਰਤਨ ਰਾਹੀਂ ਗੁਰਜਸ ਸਰਵਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਨਗਰ ਕੀਰਤਨ ਦੌਰਾਨ ਸ਼ਹਿਰ ਦੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਨਿੱਘਾ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦਾ ਭਿੱਖੀ ਰੋਡ 'ਤੇ ਗੁਰਪਾਲ ਠੇਕੇਦਾਰ ਨੇ ਆਪਣੇ ਪੈਟਰੋਲ ਪੰਪ 'ਤੇ ਬ੍ਰੈਡ ਪਕੌੜੇ ਚਾਹ ਦੇ ਲੰਗਰ ਅਤੁੱਟ ਵਰਤਾਏ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਤਨਾਮ ਸਿੰਘ ਨੇ ਦੱਸਿਆ ਕਿ 17 ਜਨਵਰੀ ਨੂੰ ਸਵੇਰੇ ਗੁਰਪੁਰਬ ਨੂੰ ਸਮਰਪਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 10 ਵਜੇ ਪਾਏ ਜਾਣਗੇ। ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹਜੂਰੀ ਰਾਗੀ ਗਿਆਨੀ ਹਰਦੇਵ ਸਿੰਘ ਤੇ ਗਿਆਨੀ ਨਿਧਾਨ ਸਿੰਘ ਵੱਲੋਂ ਗੁਰਬਾਣੀ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਅਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

ਮੇਲਾ ਮਾਘੀ ਦੀ ਸਮਾਪਤੀ 'ਤੇ ਨਿਹੰਗ ਸਿੰਘਾਂ ਸਜਾਇਆ ਮਹੱਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਚਾਲੀ ਮੁਕਤਿਆਂ ਦੀ ਯਾਦ ਵਿੱਚ ਮਨਾਏ ਜਾਣ ਵਾਲੇ ਇਤਿਹਾਸਕ ਮੇਲਾ ਮਾਘੀ ਦੀ ਅੱਜ ਰਸਮੀ ਤੌਰ 'ਤੇ ਸਮਾਪਤੀ ਹੋ ਗਈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਮਾਪਤੀ 'ਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਮਹੱਲਾ ਸਜਾਇਆ ਗਿਆ। ਸ੍ਰੀ ਦਰਬਾਰ ਸਾਹਿਬ ਦੇ ਗੇਟ ਨੰਬਰ ਛੇ 'ਤੇ ਸਥਿਤ ਗੁਰਦੁਆਰਾ ਬਾਬਾ ਨੈਣਾ ਸਿੰਘ ਤੋਂ ਬਾਬਾ ਬਲਬੀਰ ਸਿੰਘ ਦੀ ਅਗਵਾਈ ਵਿੱਚ ਮਹੱਲਾ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਵਿਖੇ ਪਹੁੰਚਿਆ। ਇਸ ਮਹੱਲੇ ਦੌਰਾਨ ਨਿਹੰਗ ਸਿੰਘਾਂ ਦੇ ਵੱਖ ਵੱਖ ਦਲਾਂ ਦੇ ਮੁਖੀਆਂ ਨੇ ਭਾਗ ਲਿਆ। ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਵਿਖੇ ਨਿਹੰਗ ਸਿੰਘ ਫੌਜਾਂ ਨੇ ਗੱਤਕੇ ਦੇ ਜੌਹਰ ਵਿਖਾਏ, ਇਸ ਤੋਂ ਇਲਾਵਾ ਘੋੜ ਦੌੜ ਦਾ ਪ੍ਰਦਰਸ਼ਨ ਵੀ ਹੋਇਆ। ਇਸ ਮਹੱਲੇ ਦੌਰਾਨ ਨਿਹੰਗ ਸਿੰਘਾਂ ਨੇ ਰਵਾਇਤੀ ਸ਼ਸਤਰਾਂ ਦਾ ਪ੍ਰਦਰਸ਼ਨ ਵੀ ਕੀਤਾ, ਵੱਡੀ ਗਿਣਤੀ 'ਚ ਸੰਗਤ ਘੋੜ ਦੌੜ ਤੇ ਗੱਤਕਾ ਪ੍ਰਦਰਸ਼ਨ ਵੇਖਣ ਲਈ ਪਹੁੰਚੀ। ਮਹੱਲੇ ਦੌਰਾਨ ਜਿੱਥੇ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ, ਉਥੇ ਹੀ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸਜਾਏ ਜਾ ਰਹੇ ਇਸ ਮਹੱਲੇ ਦਾ ਸ਼ਹਿਰ ਵਾਸੀਆਂ ਨੇ ਥਾਂ ਥਾਂ 'ਤੇ ਸਵਾਗਤ ਕੀਤਾ।

ਸੁਭਾਸ਼ ਮੰਡੀ 'ਚ ਪੂਰੀ ਸਬਜ਼ੀ ਦਾ ਲਗਾਇਆ ਲੰਗਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੁਭਾਸ਼ ਮੰਡੀ ਵਿੱਚ ਆੜ੍ਹਤੀਆਂ ਵੱਲੋਂ ਮਾਘੀ ਦੇ ਦਿਹਾੜੇ ਤੇ ਮਾਘ ਮਹੀਨੇ ਦੀ ਸੰਗਰਾਂਦ 'ਤੇ ਪੂਰੀ ਸਬਜ਼ੀ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਪ੍ਰਧਾਨ ਬਲਵਿੰਦਰ ਗਰਗ, ਕ੍ਰਿਸ਼ਨ ਗਰਗ, ਪ੍ਰਧਾਨ ਰਾਜ ਕਮਾਰ ਗਰਗ, ਦਵਿੰਦਰ ਚੀਕਾ, ਸਤੀਸ਼ ਗਰਗ, ਬਿੱਟੂ ਮਿੱਤਲ, ਟੋਨੀ ਗਰਗ, ਮੋਨੀ ਮਿੱਤਲ, ਸਨੀ ਬਰਾੜ ਨੇ ਸ਼ਹਿਰ ਵਾਸੀਆਂ ਨੂੰ ਲੋਹੜੀ ਤੇ ਮਾਘੀ ਦੀਆਂ ਵਧਾਈਆਂ ਦਿੱਤੀਆਂ ਅਤੇ ਸੰਗਤਾਂ ਨੇ ਬੜੇ ਹੀ ਉਤਸ਼ਾਹ ਨਾਲ ਲੰਗਰ ਖਾਧਾ ਅਤੇ ਸੰਗਤਾਂ ਦੇ ਬੈਠਣ ਲਈ ਪੂਰਾ ਪ੍ਰਬੰਧ ਕੀਤਾ ਗਿਆ ਸੀ। ਪੂਰੀ ਸਬਜ਼ੀ ਦਾ ਲੰਗਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਚੱਲਦਾ ਰਿਹਾ।

ਬਾਂਸਲ ਪਰਵਾਰ ਨੇ ਮਾਘੀ 'ਤੇ ਲਗਾਇਆ ਲੰਗਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਊ ਅਮਰ ਨਾਥ ਬਾਂਸਲ ਤੇ ਸਵਿੱਤਰੀ ਦੇਵੀ ਪਰਿਵਾਰ ਵੱਲੋਂ ਪੂਰੀ ਸਬਜ਼ੀ ਦਾ ਲੰਗਰ ਲਗਾਇਆ ਗਿਆ। ਇਸ ਤੋਂ ਪਹਿਲਾਂ ਬਾਊ ਅਮਰ ਨਾਥ ਬਾਂਸਲ, ਯਾਦਵਿੰਦਰ ਬਾਂਸਲ, ਰਾਜੀਵ ਬਾਂਸਲ, ਤਰੁਣ ਬਾਂਸਲ, ਅਕਾਸ਼ ਬਾਂਸਲ ਨੇ ਸ਼ਹਿਰ ਵਾਸੀਆਂ ਨੂੰ ਲੋਹੜੀ ਤੇ ਮਾਘੀ ਦੀਆਂ ਵਧਾਈਆਂ ਦਿੱਤੀਆਂ ਅਤੇ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਲੰਗਰ ਦੀ ਸ਼ੁਰੂਆਤ ਕੀਤੀ ਗਈ। ਸਵੇਰੇ ਤੋਂ ਲੈ ਕੇ ਸ਼ਾਮ ਤੱਕ ਨੌਜਵਾਨਾਂ ਨੇ ਰਲ ਮਿਲ ਕੇ ਲੰਗਰ ਵਰਤਾਇਆ ਤੇ ਆਉਂਦੇ ਜਾਂਦੇ ਰਾਹਗੀਰਾਂ ਨੇ ਬਹੁਤ ਹੀ ਖੁਸ਼ੀ ਨਾਲ ਲੰਗਰ ਖਾਦਾ ਤੇ ਸੰਗਤਾਂ ਲਈ ਬੈਠਣ ਦਾ ਪੂਰਾ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਐੱਸ.ਡੀ.ਓ. ਜੁਗਿੰਦਰ ਸਿੰਘ, ਪਿੰਕੀ ਬਾਂਸਲ, ਪ੍ਰਿਯਾ ਬਾਂਸਲ, ਜਤਿਨ ਬਾਂਸਲ, ਸਰੋਜ ਬਾਂਸਲ, ਅਸ਼ਵਨੀ ਸਿੰਗਲਾ, ਮਲਕੀਤ ਸਿੰਘ, ਦੀਪਕ, ਬਿੱਟੂ ਤੇ ਹੋਰ ਸ਼ਾਮਲ ਸਨ।

ਦੇਸ਼ ਭਗਤ 'ਵਰਸਿਟੀ ਦੇ ਫੈਕਲਟੀ ਆਫ਼ ਐਜੂਕੇਸ਼ਨ ਵਿਭਾਗ ਵੱਲੋਂ ਵਿਦਿਆਰਥੀਆਂ ਤੋਂ ਖੋਜ ਪੱਤਰ ਦਾਖਲ ਕਰਾਏ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਜੂਕੇਸ਼ਨ ਵਿਭਾਗ ਵੱਲੋਂ ਐੱਮ ਏ ਐਜੂਕੇਸ਼ਨ ਤੇ ਐੱਮ.ਐੱਡ ਦੇ ਵਿਦਿਆਰਥੀਆਂ ਤੋਂ ਖੋਜ ਪੱਤਰ ਦਾਖਲ ਕਰਾਏ ਗਏ। ਇਸ ਮੌਕੇ ਐੱਸ.ਡੀ.ਪੀ ਕਲਾਜ ਫਾਰ ਵਿਮਨ ਲੁਧਿਆਣਾ ਦੇ ਪ੍ਰਿੰਸੀਪਲ ਨੀਤੂ ਨੇ ਬਤੌਰ ਪ੍ਰੀਖਿਆਰਥੀ ਹਾਜ਼ਰ ਰਹੇ। ਫੈਕਲਟੀ ਆਫ਼ ਐਜੂਕੇਸ਼ਨ ਵਿਭਾਗ ਦੇ ਮੁਖੀ ਡਾ. ਪ੍ਰਿਸੀਅਸ ਸੈਰੇਨ ਐੱਮ.ਐੱਡ ਤੇ ਐੱਮ.ਏ ਐਜੂਕੇਸ਼ਨ ਵਿਭਾਗ ਦੇ ਮੁਖੀ ਸਤੀਸ਼ ਕੁਮਾਰ ਤੇ ਪ੍ਰੋਫੈਸਰ ਕਿਰਨ ਰਾਣੀ ਨੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਜ਼ੋਰਾ ਸਿੰਘ ਨੇ ਖੋਜ ਪੱਤਰ ਦਾਖਲ ਕਰਨ ਵਾਲੇ ਵਿਦਿਆਰਥੀਆਂ ਉਤਸ਼ਾਹਤ ਕਰਦਿਆਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਦਾ ਟੀਚਾ ਹੈ। ਸਿੱਖਿਆ ਦੇ ਮਿਆਰਾਂ ਨੂੰ ਹੋਰ ਬੁਲੰਦੀਆਂ ਵੱਲ ਲਿਜਾਇਆ ਜਾਵੇ ਤੇ ਵਿਦਿਆਰਥੀਆਂ ਦੇ ਖੋਜ ਕਾਰਜਾਂ ਨੂੰ ਬੁਨਿਆਦੀ ਪੱਧਰ ਤੋਂ ਹੋਰ ਉੱਨਤ ਪੱਧਰ ਤੱਕ ਪੁਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਕਿਹਾ ਇਨ੍ਹਾਂ ਸਭ ਕਾਰਜਾਂ ਲਈ ਯੂਨੀਵਰਸਟੀ ਵਿਦਿਆਰਥੀਆਂ ਨੂੰ ਹਰ ਸਹੂਲਤ ਦੇਣ ਲਈ ਵਚਨਬੱਧ ਹੈ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਫੈਕਲਟੀ ਆਫ਼ ਐਜੂਕੇਸ਼ਨ ਵਿਭਾਗ ਦੇ ਬਾਕੀ ਪ੍ਰੋਫੈਸਰ ਅਤੇ ਵਿਦਿਆਰਥੀ ਹਾਜ਼ਰ ਸਨ।

ਖੇਲੋ ਇੰਡੀਆ ਲੜਕੀਆਂ ਫੁੱਟਬਾਲ ਲੀਗ ਅੰਡਰ-15 ਸ਼ੁਰੂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਖੇਲੋ ਇੰਡੀਆ ਲੜਕੀਆਂ ਫੁੱਟਬਾਲ ਲੀਗ ਅੰਡਰ-15 ਸੰਤ ਅਮਰਜੀਤ ਸਿੰਘ ਸਪੋਰਟਸ ਫੁੱਟਬਾਲ ਸਟੇਡੀਅਮ ਮੁੱਦਕੀ ਵਿਖੇ ਸ਼ੁਰੂ ਹੋਈਆਂ। ਟੂਰਨਾਮੈਂਟ ਦੀ ਜਾਣਕਾਰੀ ਹਰਜੀਤ ਸਿੰਘ ਖਾਲਸਾ ਗਿੱਲ ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ ਨੇ ਦਿੰਦਿਆਂ ਦੱਸਿਆ ਕਿ ਇਹ ਫੁੱਟਬਾਲ ਲੀਗ ਸੈਂਟਰ ਸਰਕਾਰ ਅਤੇ ਆਲ ਇੰਡੀਆ ਫੁੱਟਬਾਲ ਐਸੋਸੀਏਸ਼ਨ ਅਤੇ ਪੰਜਾਬ ਫੁੱਟਬਾਲ ਐਸੋਸੀਏਸ਼ਨ ਦੇ ਸਹਿਯੋਗ ਨਾਲ ਹੋ ਰਹੀ ਹੈ। ਇਹ ਲੀਗ 14 ਜਨਵਰੀ ਤੋਂ 11 ਫਰਵਰੀ ਤੱਕ ਹੋਵੇਗੀ। ਇਸ ਵਿੱਚ ਜ਼ਿਲ੍ਹੇ ਫਿਰੋਜ਼ਪੁਰ ਦੀਆਂ 6 ਕਲੱਬਾਂ ਅਤੇ ਅਕੈਡਮੀਆਂ ਭਾਗ ਲੈ ਰਹੀਆਂ ਹਨ। ਇਸ ਲੀਗ ਵਿਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 50 ਹਜ਼ਾਰ ਅਤੇ ਦੂਜੇ ਨੰਬਰ ਦੀ ਟੀਮ ਨੂੰ 30 ਹਜ਼ਾਰ ਅਤੇ ਹਰ ਟੀਮ ਨੂੰ 5 ਹਜ਼ਾਰ ਲਈ ਦਿੱਤੇ ਜਾਣਗੇ। ਖੇਲੋ ਇੰਡੀਆ ਲੜਕੀਆਂ ਅੰਡਰ 15 ਦਾ ਉਦਘਾਟਨ ਸ਼ਹੀਦ ਗੰਜ ਸਾਹਿਬ ਮੁੱਦਕੀ ਦੇ ਪ੍ਰਧਾਨ ਕੇਵਲ ਸਿੰਘ ਅਤੇ ਮੁੱਖ ਗ੍ਰੰਥੀ ਸਾਹਿਬ ਸ਼ੇਰ ਸਿੰਘ ਅਤੇ ਵਰਿੰਦਰ ਸਿੰਘ ਖਾਲਸਾ ਪ੍ਰਧਾਨ, ਸ੍ਰੀ ਗੁਰਦੁਆਰਾ ਸਾਹਿਬ ਦੇ ਮੈਨੇਜਰ ਗੁਰਜੰਟ ਸਿੰਘ ਅਤੇ ਸ਼ਮਸ਼ੇਰ ਸਿੰਘ, ਸੰਤ ਅਮਰਜੀਤ ਸਿੰਘ ਫੁੱਟਬਾਲ ਐਡਮੀ ਦੇ ਪ੍ਰਧਾਨ ਅਤੇ ਪੰਜਾਬ ਐਸੋਸੀਏਸ਼ਨ ਵੱਲੋਂ ਪਹੁੰਚੇ। ਹਰਦੀਪ ਸਿੰਘ ਫੁੱਟਬਾਲ ਕੋਚ, ਰਿਤਿਕ ਬਾਲੀ ਜੇਸੀਟੀ ਫਗਵਾੜਾ, ਡਾ. ਦੀਪਕ ਐੱਸਐੱਮਓ, ਕਸ਼ਮੀਰ ਸਿੰਘ ਭੱਟੀ (ਗਿੱਲ) ਐੱਮਪੀਐੱਚਡਬਲਯੂ (ਮੇਲ), ਹਰਜੀਤ ਸਿੰਘ ਖਲਾਸਾ ਪ੍ਰਧਾਨ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹਰਦੀਪ ਸਿੰਘ, ਰਛਪਾਲ ਸਿੰਘ, ਗੁਰਜੀਤ ਸਿੰਘ, ਪ੍ਰਗਟ ਸਿੰਘ, ਛਿੰਦਰ ਸਿੰਘ, ਜੋਗਿੰਦਰ ਸਿੰਘ ਸਾਬਕਾ ਪ੍ਰਧਾਨ, ਸੰਤ ਅਮਰਜੀਤ ਸਿੰਘ ਸਪੋਰਟਸ ਕਲੱਬ ਮੁੱਦਕੀ, ਰਮਨਪ੍ਰੀਤ ਸਿੰਘ, ਮਣੀ ਗਿੱਲ ਤੇ ਦਲਜੀਤ ਸਿੰਘ ਆਦਿ ਹਾਜ਼ਰ ਸਨ।

ਪੁਲਸ ਨੇ 22 ਕੁਇੰਟਲ ਭੁੱਕੀ ਚੂਰਾ ਪੋਸਤ ਸਮੇਤ 2 ਵਿਅਕਤੀਆਂ ਨੂੰ ਟਰੱਕ ਸਮੇਤ ਕੀਤਾ ਕਾਬੂ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਮਾਣਯੋਗ ਸ਼੍ਰੀ ਗੌਰਵ ਯਾਦਵ ਆਈ.ਪੀ.ਐੱਸ, ਡੀ.ਜੀ.ਪੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਦੀ ਰਹਿਨੁਮਾਈ ਹੇਠ ਤੇ ਆਈ .ਪੀ.ਐੱਸ ਐੱਸ.ਪੀ ਡਿਟੈਕਟਿਵ ਬਠਿੰਡਾ ਦੀ ਨਿਗਰਾਨੀ ਵਿੱਚ ਨਸ਼ਿਆਂ ਦੇ ਖਾਤਮੇ ਅਤੇ ਸ਼ਰਾਰਤੀ ਅਨਸਰਾਂ ਤੇ ਨਜ਼ਰ ਰੱਖਣ ਲਈ ਸ਼ਹਿਰ ਦੇ ਵੱਖ-ਵੱਖ ਏਰੀਏ ਨੂੰ ਕਵਰ ਕਰਕੇ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਹੀਕਲ਼ਾਂ ਦੀ ਲਗਾਤਾਰ ਚੈਕਿੰਗ ਚੱਲਦੀਆਂ ਰਹਿੰਦੀਆਂ ਹਨ।ਸੀ.ਆਈ.ਏ. ਸਟਾਫ-2, ਬਠਿੰਡਾ ਨੂੰ ਉਸ ਸਮੇਂ ਸਫ਼ਲਤਾ ਮਿਲੀ, ਜਦੋਂ ਮੁਖਬਰੀ ਦੇ ਅਧਾਰ 'ਤੇ ਰਿੰਗ ਰੋਡ ਬਠਿੰਡਾ ਪਰ ਇੱਕ ਟਰੱਕ ਦੀ ਸ਼ੱਕ ਦੀ ਬਿਨਾਹ 'ਤੇ ਚੈਕਿੰਗ ਕਰਨ ਉਪਰੰਤ 2 ਵਿਅਕਤੀਆਂ ਨੂੰ ਕਾਬੂ ਕਰਕੇ ਟਰੱਕ ਵਿੱਚੋਂ 110 ਗੱਟੇ ਭੁੱਕੀ ਚੂਰਾ ਪੋਸਤ ਕੁੱਲ 22 ਕੁਇੰਟਲ ਭੁੱਕੀ ਚੂਰਾ ਪੋਸਤ ਬਰਾਮਦ ਕਰਕੇ ਇੱਕ ਵੱਡੀ ਕਾਮਯਾਬੀ ਹਾਸਲ ਐਸ ਐਚ ਓ ਕਰਨਵੀਰ ਸਿੰਘ ਬਠਿੰਡਾ ਵੱਲੋਂ ਦੱਸਿਆ ਕਿ ਸੀ.ਆਈ.ਏ ਸਟਾਫ਼-2 ਦੀ ਟੀਮ ਨੂੰ ਮੁਖਬਰੀ ਦੇ ਅਧਾਰ 'ਤੇ ਇੱਕ ਟਰੱਕ ਨੰਬਰੀ ਪੀ.ਬੀ 10 ਜੀ.ਐੱਕਸ 9648 ਨੂੰ ਰਿੰਗ ਰੋਡ ਬਠਿੰਡਾ ਪਰ ਮੌਜੂਦ ਪੁਲਿਸ ਪਾਰਟੀ ਵੱਲੋਂ ਚੈਕਿੰਗ ਦੌਰਾਨ ਟਰੱਕ ਵਿੱਚੋਂ 110 ਗੱਟੇ ਭੁੱਕੀ ਚੂਰਾ ਪੋਸਤ ਜਿਨ੍ਹਾਂ ਦੀ ਕੁੱਲ ਮਾਤਰਾ 22 ਕੁਇੰਟਲ ਸੀ, ਬਰਾਮਦ ਕਰਕੇ ਦੋਸ਼ੀਆਨ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜ਼ਿਲ੍ਹਾ ਮੋਗਾ, ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜ਼ਿਲ੍ਹਾ ਲੁਧਿਆਣਾ ਖਿਲਾਫ਼ ਮੁਕੱਦਮਾ ਨੰਬਰ 10 ਮਿਤੀ 15.1.2024 ਅ/ਧ 15, 29ਸੀ/61/85 ਐੱਨ.ਡੀ.ਪੀ.ਐੱਸ. ਐਕਟ ਥਾਣਾ ਕੈਨਾਲ ਕਲੋਨੀ ਬਠਿੰਡਾ ਤਹਿਤ ਦਰਜ ਰਜਿਸਟਰ ਕੀਤਾ ਗਿਆ।ਦੋਸ਼ੀਆਨ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜ਼ਿਲ੍ਹਾ ਮੋਗਾ ਤੇ ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜ਼ਿਲ੍ਹਾ ਲੁਧਿਆਣਾ, ਜੋ ਕੋਟਾ ਸ਼ਹਿਰ (ਰਾਜਸਥਾਨ) ਤੋਂ ਇਹ ਭੁੱਕੀ ਚੂਰਾ ਪੋਸਤ ਲੈ ਕੇ ਆਏ ਸਨ।ਇਸ ਦੇ ਬੈਕਵਰਡ ਤੇ ਫਾਰਵਰਡ ਲਿੰਕਾਂ ਬਾਰੇ ਪਤਾ ਕੀਤਾ ਜਾ ਰਿਹਾ ਹੈ। ਇਨ੍ਹਾਂ ਦੋਵਾਂ ਦੋਸ਼ੀਆਨ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਦੌਰਾਨੇ ਪੁੱਛਗਿੱਛ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।ਗ੍ਰਿਫ਼ਤਾਰ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜ਼ਿਲ੍ਹਾ ਮੋਗਾ ਉਮਰ 45 ਸਾਲ (ਡਰਾਈਵਰ), ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜ਼ਿਲ੍ਹਾ ਲੁਧਿਆਣਾ ਉਮਰ 40 ਸਾਲ (ਡਰਾਈਵਰ) ਪਹਿਲਾਂ ਦਰਜ ਮੁਕੱਦਮੇ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ ਮੁਕੱਦਮਾ ਨੰਬਰ 136 ਮਿਤੀ 21/11/2014 ਅ/ਧ 21/61/85 ਐੱਨ.ਡੀ.ਪੀ.ਐੱਸ ਐਕਟ ਥਾਣਾ ਬੱਧਨੀ ਕਲ਼ਾਂ ਜ਼ਿਲ੍ਹਾ ਮੋਗਾ ਬਰਾਮਦਗੀ 100 ਗਰਾਮ ਹੈਰੋਇਨ ਵਿੱਚ ਸਜ਼ਾ ਸਾਲ 2017 ਵਿੱਚ ਡੇਢ ਸਾਲ ਸਜ਼ਾ ਕੱਟਣ ਤੋਂ ਬਾਅਦ 2018 ਵਿੱਚ ਫਰੀਦਕੋਟ ਜੇਲ੍ਹ ਵਿੱਚੋਂ ਬਾਹਰ ਆਇਆ ਹੈ।

ਪੰਨੂ ਦੀ ਅਗਵਾਈ 'ਚ ਕਈ ਪਰਵਾਰ 'ਆਪ' 'ਚ ਸ਼

16-JAN-PAGE-3.qxd 1/15/2024 10:27 PM Page 1

ਕਰਨਦੀਪ ਕੌਰ ਨੇ 67ਵੀਆਂ ਨੈਸ਼ਨਲ ਸਕੂਲ ਖੇਡਾਂ 'ਚ ਸਿਲਵਰ ਮੈਡਲ ਜਿੱਤਿਆ

ਅਜਨਾਲਾ (ਸੁਖਜਿੰਦਰ ਸਿੰਘ ਰਾਜੂ)-ਪੰਜਾਬ ਅੰਡਰ 17 ਲੜਕੀਆਂ ਦੀ ਟੀਮ ਨੇ ਕਬੱਡੀ ਨੈਸ਼ਨਲ ਸਟਾਈਲ ਵਿੱਚ 67ਵੀਆਂ ਨੈਸ਼ਨਲ ਸਕੂਲ ਖੇਡਾਂ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਅੰਮ੍ਰਿਤਸਰ ਦੀ ਹਰਸ਼ਾ ਛੀਨਾ ਜ਼ੋਨ ਜੀਆਰਡੀ ਕੌਨਵੈਂਟ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਦੀ ਖਿਡਾਰਨ ਕਰਨਦੀਪ ਕੌਰ ਨੇ ਸਿਲਵਰ ਮੈਡਲ ਜਿੱਤਿਆ। ਵੱਖ-ਵੱਖ ਥਾਵਾਂ ਤੋਂ ਖੇਡ ਕੇ ਅਤੇ ਮੈਡਲ ਜਿੱਤ ਕੇ ਅੱਜ ਸਕੂਲ ਪਹੁੰਚਣ ਉੱਤੇ ਸਕੂਲ ਵੱਲੋਂ ਕਰਨਦੀਪ ਕੌਰ ਦਾ ਭਾਰੀ ਸਵਾਗਤ ਕੀਤਾ ਗਿਆ। ਕਰਨਦੀਪ ਕੌਰ ਨੂੰ ਸਕੂਲ ਦੇ ਪ੍ਰਿੰ. ਗੁਰਦਰਸ਼ਨ ਬਜਾਜ, ਜੀਐੱਮਡੀ ਮੈਡਮ ਸੰਤੋਸ਼ ਬਜਾਜ, ਕੋਚ ਸਰ ਰਣਜੀਤ ਸਿੰਘ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਢੋਲ ਤੇ ਨਗਾਰਿਆਂ ਨਾਲ ਸਕੂਲ ਲਿਆਂਦਾ ਗਿਆ। ਜਮਾਤੀਆਂ ਨੇ ਭੰਗੜੇ ਪਾ ਕੇ ਅਤੇ ਉਸ ਉੱਤੇ ਫੁੱਲਾਂ ਦੀ ਵਰਖਾ ਕਰਕੇ ਇਸ ਖੁਸ਼ੀ ਨੂੰ ਹੋਰ ਦੁੱਗਣਾ ਕਰ ਦਿੱਤਾ। ਇਸ ਮੌਕੇ ਕਰਨਦੀਪ ਦੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਕਰਨਦੀਪ ਕੌਰ ਦੇ ਨੈਸ਼ਨਲ ਪੱਧਰ 'ਤੇ ਖੇਡਣ ਦਾ ਫਖਰ ਮਹਿਸੂਸ ਕੀਤਾ। ਪ੍ਰਿੰ. ਗੁਰਦਰਸ਼ਨ ਬਜਾਜ ਨੇ ਕਰਨਦੀਪ ਕੌਰ ਨੂੰ ਸਕੂਲ ਵੱਲੋਂ ਟਰਾਫੀ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਸਾਰਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਲਈ ਬਹੁਤ ਹੀ ਮਾਣ ਦੀ ਗੱਲ ਹੈ ਕਿ ਸਕੂਲ ਦੀ ਹੋਣਹਾਰ ਵਿਦਿਆਰਥਣ ਕਰਨਦੀਪ ਕੌਰ ਨੇ ਅੰਡਰ 17 ਕਬੱਡੀ ਨੈਸ਼ਨਲ ਸਟਾਈਲ ਵਿੱਚ ਨੈਸ਼ਨਲ ਪੱਧਰ 'ਤੇ ਖੇਡ ਕੇ ਪੂਰੇ ਭਾਰਤ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਕਬੱਡੀ ਤੋਂ ਇਲਾਵਾ ਖੋ-ਖੋ, ਫੁੱਟਬਾਲ, ਕ੍ਰਿਕਟ ਅਤੇ ਵਾਲੀਬਾਲ ਖੇਡਾਂ ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਆ ਜਾਂਦਾ ਹੈ। ਕਰਨਦੀਪ ਕੌਰ ਤੋਂ ਇਲਾਵਾ ਸਾਡੇ ਅੱਠ ਕਬੱਡੀ ਦੇ ਖਿਡਾਰੀ ਰਾਜ ਪੱਧਰੀ ਮੁਕਾਬਲਿਆਂ ਵਿੱਚ ਜਾ ਕੇ ਜਿੱਤ ਹਾਸਿਲ ਕਰ ਚੁੱਕੇ ਹਨ। ਇਸਦੇ ਲਈ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨ ਲਈ ਚਾਰ ਪੀਟੀ ਅਧਿਆਪਕਾਂ ਦੀ ਟੀਮ ਤਿਆਰ ਕੀਤੀ ਹੈ ਜਿਸ ਦੇ ਮੁਖੀ ਰਣਜੀਤ ਸਰ ਹਨ। ਇਨ੍ਹਾਂ ਤੋਂ ਇਲਾਵਾ ਪੀਟੀ ਅਧਿਆਪਕ ਦਿਲਪ੍ਰੀਤ ਕੌਰ, ਰਾਜਕੁਮਾਰ ਸਿੰਘ, ਯੂਸਫ ਸਰ ਵਿਦਿਆਰਥੀਆਂ ਨੂੰ ਜੀ ਜਾਨ ਨਾਲ ਮਿਹਨਤ ਕਰਵਾਉਂਦੇ ਹਨ। ਸਕੂਲ ਵਿੱਚ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਖਾਸ ਧਿਆਨ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਨੇ ਕਰਨਦੀਪ ਨੂੰ ਅਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਵਧਾਈ ਦਿੰਦਿਆਂ ਹੋਇਆਂ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪ੍ਰਿੰ. ਗੁਰਦਰਸ਼ਨ ਬਜਾਜ, ਐੱਮਡੀ ਮੈਡਮ ਸੰਤੋਸ਼ ਬਜਾਜ, ਪੀਟੀ ਅਧਿਆਪਕ ਰਣਜੀਤ ਸਰ, ਦਿਲਪ੍ਰੀਤ ਮੈਡਮ, ਯੂਸਫ ਸਰ, ਰਾਜਕੁਮਾਰ ਸਰ ਅਤੇ ਹੋਰ ਅਧਿਆਪਕ ਰਜਿੰਦਰ ਮੈਡਮ ਗੁੰਥਗੜ੍ਹ, ਰਜਿੰਦਰ ਮੈਡਮ ਧੂਰੀਆਂ, ਗੁਰਜਿੰਦਰ ਸਰ,ਜਸਦੀਪ ਮੈਡਮ, ਨੀਲਮ ਮੈਡਮ, ਆਰਤੀ ਮੈਡਮ, ਭਾਵਨਾ ਮੈਡਮ, ਨਵਰਾਜ ਮੈਡਮ, ਮਨਪ੍ਰੀਤ ਕੌਰ, ਅਮਨ ਮੈਡਮ ਸੁਮਿਤ ਸਰ,ਅਜੇ ਸਰ ਆਦਿ ਹਾਜ਼ਰ ਸਨ।

ਮਜੀਠਾ ਮੰਦਿਰ ਕਮੇਟੀਆਂ ਵੱਲੋਂ 22 ਦੇ ਸਮਾਗਮਾਂ ਲਈ ਸੱਚਰ ਨੂੰ ਸੱਦਾ ਪੱਤਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸ਼੍ਰੀ ਰਾਮ ਜਨਮ ਭੂਮੀ ਅਯੁੱਧਿਆ ਵਿੱਚ ਬਣੇ ਨਵੇਂ ਮੰਦਿਰ ਦੀ ਉਸਾਰੀ ਉਪਰੰਤ ਹੋ ਰਹੇ ਧਾਰਮਿਕ ਸਮਾਗਮਾਂ ਤੇ ਵਿਸ਼ਵ ਭਰ ਵਿੱਚ ਲੋਕਾਂ ਨੂੰ ਅਪੀਲ ਕੀਤੀ ਗਈ ਸੀ ਕਿ 22 ਜਨਵਰੀ 2024 ਨੂੰ ਸਾਰੇ ਭਗਤ ਆਪਣੇ ਮੁਹੱਲੇ, ਪਿੰਡ ਕਲੋਨੀ ਵਿੱਚ ਸਥਿਤ ਮੰਦਰਾਂ ਵਿੱਚ 11 ਵਜੇ ਤੋਂ 1 ਵਜੇ ਤੱਕ ਭਜਨ ਕੀਰਤਨ ਕਰਕੇ ਆਪਣਾ ਸਤਿਕਾਰ ਸ਼੍ਰੀ ਰਾਮ ਜੀ ਦੇ ਚਰਨਾਂ ਵਿੱਚ ਅਰਪਿਤ ਕਰੋ ਅਤੇ ਰਾਮ ਭਗਤਾਂ ਨੂੰ ਇਕੱਤਰ ਕਰਕੇ ਆਰਤੀ ਕਰੋ ਤੇ ਮਿਸ਼ਠਾਨ ਪਰਸ਼ਾਦ ਵੰਡੋ। ਇਸੇ ਲੜੀ ਦੇ ਤਹਿਤ ਮਜੀਠਾ ਜਾਨਕੀ ਮੰਦਿਰ ਕਮੇਟੀ ਪੰਡਿਤ ਓਮ ਪ੍ਰਕਾਸ਼, ਪੰਡਿਤ ਦਿਆਲ ਨਾਥ ਸ਼ਿਵਾਲਾ ਮੰਦਿਰ, ਕੁਲਦੀਪ ਕੁਮਾਰ ਮੰਦਿਰ ਬਾਵਾ ਲਾਲ ਦਿਆਲ ਜੀ, ਜੀਵਨ ਕੁਮਾਰ, ਲੱਕੀ ਕਹੇੜ, ਵਿਪਨ ਕੁਮਾਰ, ਪਵਨ ਕੁਮਾਰ ਤੇ ਹੋਰਨਾਂ ਹਿੰਦੂ ਜਥੇਬੰਦੀਆਂ ਵੱਲੋਂ ਮਜੀਠਾ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੂੰ 22 ਜਨਵਰੀ ਦੇ ਸਮਾਗਮਾਂ ਵਿੱਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਦਿੱਤਾ ਗਿਆ। ਸੱਦਾ ਪੱਤਰ ਮਿਲਣ ਉਪਰੰਤ ਭਗਵੰਤ ਪਾਲ ਸਿੰਘ ਸੱਚਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਉਸ ਦਿਨ ਸਾਰੇ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸ਼੍ਰੀ ਰਾਮ ਜੀ ਦੇ ਇਸ ਦਿਹਾੜੇ 'ਤੇ ਖੁਸ਼ੀਆਂ ਸਾਂਝੀਆਂ ਕਰਾਂਗਾ। ਪੰਡਿਤ ਓਮ ਪ੍ਰਕਾਸ਼ ਨੇ ਸਾਰੀਆਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਸ ਦਿਨ ਵੱਡੀ ਗਿਣਤੀ ਵਿੱਚ ਲੋਕ ਇਸ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਕਰਨ ਅਤੇ ਸ਼ਾਮ ਨੂੰ ਆਪਣੇ ਘਰਾਂ ਵਿੱਚ ਦੀਵੇ ਬਾਲ ਕੇ ਦੀਪਮਾਲਾ ਕਰਕੇ ਖੁਸ਼ੀਆਂ ਦਾ ਇਜ਼ਹਾਰ ਕੀਤਾ ਜਾਵੇ ਤੇ ਇਨ੍ਹਾਂ ਸਮਾਗਮਾਂ ਦੇ ਬਾਅਦ ਆਪਣੇ ਪਰਿਵਾਰਾਂ ਸਮੇਤ ਨਵੇਂ ਬਣੇ ਮੰਦਿਰ ਦੇ ਦਰਸ਼ਨ ਜ਼ਰੂਰ ਕੀਤੇ ਜਾਣ।

ਸੇਖਵਾਂ ਵੱਲੋਂ ਸਬਜ਼ੀ ਮੰਡੀ ਦੇ 1.9 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਸਟੀਲ ਕਵਰ ਸ਼ੈੱਡ ਦਾ ਉਦਘਾਟਨ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀਆਂ ਕੋਸ਼ਿਸ਼ਾਂ ਸਦਕਾ ਧਾਰੀਵਾਲ ਸਬਜ਼ੀ ਮੰਡੀ ਨੂੰ ਨਵਾਂ ਸ਼ੈੱਡ ਮਿਲਿਆ ਹੈ।ਪੰਜਾਬ ਸਰਕਾਰ ਵੱਲੋਂ ਧਾਰੀਵਾਲ ਮੰਡੀ ਵਿੱਚ 1.9 ਕਰੋੜ ਰੁਪਏ ਦੀ ਲਾਗਤ ਨਾਲ 75/150 ਫੁੱਟ ਦਾ ਸਟੀਲ ਕਵਰ ਸ਼ੈੱਡ ਬਣਾਇਆ ਗਿਆ ਹੈ ਜਿਸ ਦਾ ਉਦਘਾਟਨ ਅੱਜ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵੱਲੋਂ ਕੀਤਾ ਗਿਆ।ਧਾਰੀਵਾਲ ਸਬਜ਼ੀ ਮੰਡੀ ਦੇ ਸ਼ੈੱਡ ਦਾ ਉਦਘਾਟਨ ਕਰਦਿਆਂ ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਧਾਰੀਵਾਲ ਵਾਸੀਆਂ ਦੀ ਲੰਮੇ ਸਮੇਂ ਤੋਂ ਮੰਗ ਸੀ ਕਿ ਸਬਜ਼ੀ ਮੰਡੀ ਵਿੱਚ ਸ਼ੈੱਡ ਬਣਾਇਆ ਜਾਵੇ।ਸ. ਸੇਖਵਾਂ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੀ ਇਸ ਮੰਗ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਸੀ ਜਿਸ ਸਦਕਾ ਪੰਜਾਬ ਮੰਡੀ ਬੋਰਡ ਵੱਲੋਂ ਧਾਰੀਵਾਲ ਦੀ ਸਬਜ਼ੀ ਮੰਡੀ ਵਿੱਚ 1.9 ਕਰੋੜ ਰੁਪਏ ਦੀ ਲਾਗਤ ਨਾਲ 75/150 ਫੁੱਟ ਦਾ ਸਟੀਲ ਕਵਰ ਸ਼ੈੱਡ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਇਸ ਸ਼ੈੱਡ ਦੇ ਬਣਨ ਨਾਲ ਸਬਜ਼ੀ ਦੀਆਂ ਦੁਕਾਨਾਂ ਇੱਥੇ ਲੱਗਣਗੀਆਂ ਅਤੇ ਲੋਕ ਵੀ ਏਥੋਂ ਹੀ ਸਬਜ਼ੀ ਖ਼ਰੀਦ ਸਕਣਗੇ।ਉਨ੍ਹਾਂ ਕਿਹਾ ਕਿ ਸੜਕਾਂ ਕਿਨਾਰੇ ਸਬਜ਼ੀ ਦੀਆਂ ਰੇਹੜੀਆਂ ਹਟਣ ਨਾਲ ਸ਼ਹਿਰ ਵਿਚੋਂ ਆਵਾਜਾਈ ਦੀ ਸਮੱਸਿਆ ਵੀ ਹੱਲ ਹੋਵੇਗੀ।ਚੇਅਰਮੈਨ ਸ. ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਧਾਰੀਵਾਲ ਸ਼ਹਿਰ ਵਿੱਚ ਕੂੜੇ ਦੇ ਡੰਪ ਦੀ ਸਮੱਸਿਆ ਨੂੰ ਹੱਲ ਕਰਨ ਲਈ ਵੀ ਯਤਨ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕੂੜੇ ਦੇ ਹੱਲ ਲਈ 72 ਲੱਖ ਰੁਪਏ ਮਨਜ਼ੂਰ ਹੋ ਗਏ ਹਨ ਅਤੇ ਇਸ ਪ੍ਰੋਜੈਕਟ ਦਾ ਟੈਂਡਰ ਹੋ ਚੁੱਕਾ ਹੈ ਅਤੇ ਟੈਕਨੀਕਲ ਬਿੱਡ ਮਨਜ਼ੂਰੀ ਲਈ ਮੁੱਖ ਦਫ਼ਤਰ ਵਿਖੇ ਭੇਜੀ ਗਈ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ ਵੀ ਯਤਨ ਕੀਤੇ ਜਾਣਗੇ।ਸੇਖਵਾਂ ਨੇ ਕਿਹਾ ਕਿ ਧਾਰੀਵਾਲ ਸ਼ਹਿਰ ਕਾਦੀਆਂ ਵਿਧਾਨ ਸਭਾ ਹਲਕਾ ਅਤੇ ਗੁਰਦਾਸਪੁਰ ਜ਼ਿਲ੍ਹੇ ਦਾ ਪ੍ਰਮੁੱਖ ਸ਼ਹਿਰ ਹੈ ਅਤੇ ਇਸਦੇ ਸਰਬਪੱਖੀ ਵਿਕਾਸ ਅਤੇ ਇੱਥੋਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਰਾਜ ਸਰਕਾਰ ਵਚਨਬੱਧ ਹੈ।ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਐਕਸੀਅਨ ਬਲਦੇਵ ਸਿੰਘ ਬਾਜਵਾ, ਮਾਰਕੀਟ ਕਮੇਟੀ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ, ਚੇਅਰਮੈਨ ਜਸਪਾਲ ਸਿੰਘ ਪੰਧੇਰ, ਚੇਅਰਮੈਨ ਮੋਹਨ ਸਿੰਘ, ਮਾਰਕੀਟ ਕਮੇਟੀ ਸਕੱਤਰ ਜਗਰੂਪ ਸਿੰਘ, ਬੀਡੀਪੀਓ ਗੁਰਜੀਤ ਸਿੰਘ, ਨਗਰ ਕੌਂਸਲ ਪ੍ਰਧਾਨ ਅਸ਼ਵਨੀ ਦੁੱਗਲ, ਰਮੇਸ਼ ਕੁਮਾਰ ਮਹੇਸ਼ਾ, ਸਰਬਜੀਤ ਕੌਰ, ਗੁਰਸ਼ਰਨ ਸਿੰਘ, ਸੁਖਵਿੰਦਰ ਕੌਰ, ਰਮਨ ਵਾਹਲਾ, ਭਗਵੰਤ ਸਿੰਘ, ਹਰਪਾਲ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ ਬਾਜਵਾ, ਭੁਪਿੰਦਰ ਸਿੰਘ, ਅਰਜਿੰਦਰ ਸਿੰਘ, ਮਿੰਟਾ ਚੀਮਾ, ਸਾਬਾ ਭੱਟੀ, ਮਨਿੰਦਰਪਾਲ ਸਿੰਘ ਘੁੰਮਣ, ਸ਼ਿੰਗਾਰਾ ਸਿੰਘ, ਫ਼ਰਜ਼ੰਦ ਰਣੀਆ, ਕਰਮ ਸਿੰਘ ਅਤੇ ਗੁਰਪ੍ਰੀਤ ਸਿੰਘ ਤੋਂ ਇਲਾਵਾ ਹੋਰ ਵੀ ਮੁਹਤਬਰ ਹਾਜ਼ਰ ਸਨ।

ਸ਼ੈਰੀ ਕਲਸੀ ਨੇ ਨਵੀਆਂ ਬਣ ਰਹੀਆਂ ਪੁਲਸ ਚੌਕੀਆਂ ਦਾ ਲਿਆ ਜਾਇਜ਼ਾ

ਬਟਾਲਾ (ਡਾ. ਮਲਵਿੰਦਰ ਸਿੰਘ)-ਅਮਨਸ਼ੇਰ ਸਿੰਘ ਸ਼ੈਰੀ ਕਲਸੀ ਹਲਕਾ ਵਿਧਾਇਕ ਬਟਾਲਾ ਵਲੋਂ ਗਾਂਧੀ ਨਗਰ ਕੈਂਪ ਵਿਖੇ 2 ਨਵੀਆਂ ਬਣ ਰਹੀਆਂ ਪੁਲਿਸ ਚੌਕੀਆਂ ਦੇ ਕੰਮਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਚੌਕੀਆਂ ਉਸਾਰੀਆਂ ਜਾ ਰਹੀਆਂ ਹਨ ਤਾਂ ਜੋ ਨਸ਼ਾ ਤਸਕਰਾਂ ਨੂੰ ਠੱਲ੍ਹ ਪਾ ਕੇ ਜਨਤਾ ਦੇ ਜਾਨ ਮਾਲ ਦੀ ਰੱਖਿਆ ਕੀਤੀ ਜਾ ਸਕੇ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਨਸ਼ਿਆਂ ਦੇ ਖਿਲਾਫ ਫੈਸਲਾਕੁਨ ਜੰਗ ਵਿੱਢੀ ਹੋਈ ਹੈ ਅਤੇ ਸੂਬੇ ਵਿੱਚੋਂ ਇਸ ਲਾਹਨਤ ਨੂੰ ਖਤਮ ਕਰਨ ਲਈ ਠੋਸ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਨੇ ਪੁਲਸ ਨੂੰ ਸਮੱਗਲਰਾਂ ਦੀ ਨਸ਼ਾ ਤਸਕਰੀ ਦੇ ਪੈਸੇ ਨਾਲ ਬਣਾਈ ਜਾਇਦਾਦ ਨੂੰ ਜ਼ਬਤ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣੀ ਲਈ ਕਿਹਾ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਨਸ਼ਾ ਇੱਕ ਵੱਡੀ ਸਮਾਜਿਕ ਬੁਰਾਈ ਹੈ ਅਤੇ ਇਸ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਉਨ੍ਹਾਂ ਦੁਹਰਾਇਆ ਕਿ ਨਸ਼ਾ ਤਸਕਰਾਂ ਨੂੰ ਬਿਲਕੁਲ ਬਖਸ਼ਿਆ ਨਹੀਂ ਜਾਵੇਗਾ।

ਨਾਇਬ ਤਹਿਸੀਲਦਾਰ ਖਹਿਰਾ ਨੇ ਜ਼ਮੀਨੀ ਇੰਤਕਾਲ ਸਬੰਧੀ ਮੁਸ਼ਕਲਾਂ ਹੱਲ ਕੀਤੀਆਂ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਦੀ ਅਗਵਾਈ ਹੇਠ ਕੜਾਕੇ ਦੀ ਠੰਢ ਦੇ ਮੌਸਮ ਵਿੱਚ ਸਬ-ਤਹਿਸੀਲ ਚੋਹਲਾ ਸਾਹਿਬ ਚ ਨਾਇਬ ਤਹਿਸੀਲਦਾਰ ਰਣਜੀਤ ਸਿੰਘ ਖਹਿਰਾ ਨੇ ਪਿਛਲੇ ਕਈ ਕਈ ਵਰ੍ਹਿਆਂ ਤੋਂ ਜ਼ਮੀਨਾਂ ਦੇ ਇੰਤਕਾਲਾਂ ਦੇ ਰੁਕੇ ਸਾਰੇ ਕੰਮਕਾਰਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਕੇ ਹੱਲ ਕਰ ਦਿੱਤਾ।ਇਸ ਮੌਕੇ ਉਨ੍ਹਾਂ ਨਾਲ ਮਾਲ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸਰਕਲ ਪਟਵਾਰੀਆਂ ਨੇ ਵੀ ਲੋਕਾਂ ਦੀ ਬਿਨਾਂ ਕਿਸੇ ਲੁੱਟ ਘਸੁੱਟ ਤੇ ਖੱਜਲ ਖੁਆਰੀ ਦੇ ਸਾਰੇ ਜ਼ਮੀਨਾਂ ਸਬੰਧੀ ਰੁਕੇ ਕੰਮਕਾਰ ਤੇ ਇੰਤਕਾਲ ਕਰਵਾ ਕੇ ਕੈਂਪ 'ਚ ਪੁੱਜੇ ਲੋਕਾਂ ਤੋ ਵਾਹ-ਵਾਹ ਖੱਟੀ। ਨਾਇਬ ਤਹਿਸੀਲਦਾਰ ਸਾਹਿਬ ਨੇ ਦੱਸਿਆ ਕਿ ਅੱਜ 15 ਜਨਵਰੀ ਤੋਂ ਪਹਿਲਾਂ ਇਹ ਵਿਸ਼ੇਸ਼ ਕੈਂਪ 6 ਜਨਵਰੀ ਨੂੰ ਵੀ ਲੱਗਾ ਸੀ।ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਤੇ ਹਲਕੇ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਵੱਲੋਂ ਲੋਕਾਂ ਦੀ ਸਹੂਲਤ ਲਈ ਲਾਏ ਜਾਂਦੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸਰਗਰਮ ਆਗੂ ਕੇਵਲ ਨਈਅਰ, ਅਵਤਾਰ ਸਿੰਘ ਮਠਾਰੂ, ਡਾ: ਨਿਰਭੈ ਸਿੰਘ, ਸੁਖਬੀਰ ਸਿੰਘ ਪੰਨੂ ਆੜ੍ਹਤੀਆ ਆਦਿ ਆਗੂ ਵੀ ਹਾਜ਼ਰ ਸਨ।

'ਆਪੇ ਗੁਰ ਚੇਲਾ' ਨਗਰ ਕੀਰਤਨ ਜੈਤੋ ਤੋਂ ਸ੍ਰੀ ਮੁਕਤਸਰ ਸਾਹਿਬ ਲਈ ਰਵਾਨਾ

ਰਸਤੇ ਵਿੱਚ ਨਗਰ ਕੀਰਤਨ ਦਾ ਸੰਗਤਾਂ ਨੇ ਕੀਤਾ ਭਰਵਾਂ ਸਵਾਗਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆਰੰਭ ਹੋਇਆ 'ਆਪੇ ਗੁਰਚੇਲਾ' ਨਗਰ ਕੀਰਤਨ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ ਜੈਤੋ ਵਿਖੇ ਰਾਤਰੀ ਵਿਸ਼ਰਾਮ ਕਰਨ ਉਪਰੰਤ ਖਾਲਸਾਈ ਜਾਹੋ-ਜਲਾਲ ਨਾਲ ਅਗਲੇ ਪੜਾਅ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਲਈ

ਨਵਾਂ ਜ਼ਮਾਨਾ
ਮੰਗਲਵਾਰ, 16 ਜਨਵਰੀ 2024

ਗੁਆਂਢੀਆਂ ਤੋਂ ਨਿੱਖੜ ਚੁੱਕਾ ਭਾਰਤ

ਉਂਜ ਤਾਂ ਕੋਈ ਇੱਕ ਖੇਤਰ ਨਹੀਂ, ਜਿਸ ਵਿੱਚ ਮੋਦੀ ਸਰਕਾਰ ਪੂਰੀ ਤਰ੍ਹਾਂ ਨਾਕਾਮ ਨਾ ਸਿੱਧ ਹੋਈ ਹੋਵੇ, ਪਰ ਸਭ ਤੋਂ ਮਾੜਾ ਹਾਲ ਮੋਦੀ ਦੇ 10 ਸਾਲਾ ਰਾਜ ਦੌਰਾਨ ਬਦੇਸ਼ ਨੀਤੀ ਦੇ ਖੇਤਰ ਵਿੱਚ ਹੋਇਆ ਹੈ। ਭਾਜਪਾ ਦੀ ਜਨਣੀ ਆਰ ਐੱਸ ਐੱਸ ਆਪਣੀ ਅੰਧ-ਰਾਸ਼ਟਰਵਾਦ, ਫਿਰਕੂ ਤੇ ਵਿਸਥਾਰਵਾਦੀ ਰਣਨੀਤੀ ਰਾਹੀਂ ਲੋਕਾਂ ਨੂੰ ਅਖੌਤੀ ਸੁਨਹਿਰੀ ਅਤੀਤ ਦੇ ਸੁਫ਼ਨੇ ਦਿਖਾ ਕੇ ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਕਰਨ ਦੇ ਰਾਹ 'ਤੇ ਚਲਦਾ ਹੈ। ਇਸ ਰਾਹੀਂ ਸਰਕਾਰ ਦੇਸ਼ ਅੰਦਰਲੀਆਂ ਲੋਕਤੰਤਰਿਕ ਸ਼ਕਤੀਆਂ ਦਾ ਦਮਨ ਕਰਨ ਤੇ ਗੁਆਂਢੀ ਦੇਸ਼ਾਂ ਉੱਤੇ ਧੌਂਸ ਜਮਾਉਣ ਦੇ ਰਾਹ ਪਈ ਰਹੀ ਹੈ। ਸੰਘ ਦੀ ਸਿਆਸੀ ਸ਼ਾਖਾ ਭਾਜਪਾ ਦੀਆਂ ਇਨ੍ਹਾਂ ਨੀਤੀਆਂ ਕਾਰਨ ਹੀ ਅੱਜ ਸਾਡੇ ਸਭ ਗੁਆਂਢੀ ਸਾਥੋਂ ਦੂਰ ਜਾ ਚੁੱਕੇ ਹਨ। ਪਾਕਿਸਤਾਨ ਤੇ ਚੀਨ ਨਾਲ ਤਾਂ ਸਾਡਾ ਪੁਰਾਣਾ ਸਰਹੱਦੀ ਵਿਵਾਦ ਹੈ, ਪਰ ਸਾਡੇ ਸਭ ਤੋਂ ਭਰੋਸੇਮੰਦ ਮਿੱਤਰ ਰਹੇ ਨੇਪਾਲ, ਭੂਟਾਨ ਤੇ ਮਾਲਦੀਵ ਵੀ ਅੱਜ ਸਾਨੂੰ ਅੱਖਾਂ ਦਿਖਾ ਰਹੇ ਹਨ।

ਹਿੰਦ ਮਹਾਸਾਗਰ ਵਿੱਚ ਸਥਿਤ ਸ੍ਰੀਲੰਕਾ ਤੋਂ 700 ਕਿਲੋਮੀਟਰ ਦੂਰ ਸਥਿਤ 1192 ਟਾਪੂਆਂ ਵਾਲੇ ਮਾਲਦੀਵ ਦੀ ਕੁੱਲ ਅਬਾਦੀ 5 ਲੱਖ 21 ਹਜ਼ਾਰ ਦੇ ਕਰੀਬ ਹੈ। ਅਬਾਦੀ ਦੇ ਹਿਸਾਬ ਨਾਲ ਮਾਲਦੀਵ ਸਾਡੀ ਇੱਕ ਤਹਿਸੀਲ ਜਿੱਡਾ ਹੈ। ਮਾਲਦੀਵ ਉੱਤੇ ਜਦੋਂ ਵੀ ਕੋਈ ਸੰਕਟ ਆਇਆ, ਉਦੋਂ ਭਾਰਤ ਉਸ ਦੀ ਬਾਂਹ ਫੜਦਾ ਰਿਹਾ ਹੈ। ਇਸ ਦੇਸ਼ ਵਿੱਚ ਸਾਡੇ 700 ਫੌਜੀ ਹਨ, ਜੋ ਹੈਲੀਕਾਪਟਰ ਸੇਵਾ ਲਈ ਤਾਇਨਾਤ ਹਨ। ਇਸ ਦੇਸ਼ ਦੀ 90 ਫ਼ੀਸਦੀ ਅਬਾਦੀ ਮੁਸਲਿਮ ਹੈ। ਸਾਡੇ ਦੇਸ਼ ਅੰਦਰ ਭਾਜਪਾ ਦੀ ਮੁਸਲਮਾਨਾਂ ਵਿਰੁੱਧ ਨਫ਼ਰਤੀ ਮੁਹਿੰਮ ਦਾ ਅਸਰ ਮਾਲਦੀਵ ਦੇ ਲੋਕਾਂ 'ਤੇ ਪੈਣਾ ਸੁਭਾਵਿਕ ਸੀ । ਇਸ ਕਾਰਨ ਉੱਥੇ ਭਾਰਤ ਵਿਰੋਧੀ ਭਾਵਨਾਵਾਂ ਏਨੀਆਂ ਵਧੀਆਂ ਕਿ ਮੌਜੂਦਾ ਰਾਸ਼ਟਰਪਤੀ ਮੁਹੰਮਦ ਮੋਇਜ਼ੂ 'ਇੰਡੀਆ ਆਊਟ' ਦੇ ਨਾਅਰੇ ਰਾਹੀਂ ਸੱਤਾ ਵਿੱਚ ਆਏ ਹਨ। ਮਾਲਦੀਵ ਦੀ ਇਹ ਪ੍ਰੰਪਰਾ ਰਹੀ ਹੈ ਕਿ ਹਰ ਨਵਾਂ ਚੁਣਿਆ ਗਿਆ ਰਾਸ਼ਟਰਪਤੀ ਸਭ ਤੋਂ ਪਹਿਲਾਂ ਭਾਰਤ ਦੇ ਦੌਰੇ ਉੱਤੇ ਆਉਂਦਾ ਹੈ, ਪਰ ਮੋਇਜ਼ੂ ਨੇ ਇਸ ਨੂੰ ਨਜ਼ਰਅੰਦਾਜ਼ ਕਰਦਿਆਂ ਚੀਨ ਜਾਣ ਨੂੰ ਪਹਿਲ ਦਿੱਤੀ। ਚਾਹੀਦਾ ਇਹ ਸੀ ਕਿ ਦੋਹਾਂ ਦੇਸ਼ਾਂ ਵਿੱਚ ਵਧੀ ਦੂਰੀ ਨੂੰ ਸਫਾਰਤੀ ਚੈਨਲ ਰਾਹੀਂ ਘਟਾਇਆ ਜਾਂਦਾ, ਪਰ ਨਰਿੰਦਰ ਮੋਦੀ ਤਾਂ ਮਾਲਦੀਵ ਉੱਤੇ ਟੂਰਿਜ਼ਮ ਸਟ੍ਰਾਈਕ ਕਰਨ ਲਈ ਲਕਸ਼ਦੀਪ ਜਾ ਪੁੱਜੇ। ਉਸ ਦੇ ਭਗਤ, ਖਾਸ ਤੌਰ ਉੱਤੇ ਫਿਲਮੀ ਸਿਤਾਰੇ ਤੇ ਖਿਡਾਰੀ ਵੀ ਇਸ ਹਵਾਈ ਯੁੱਧ ਵਿੱਚ ਸ਼ਾਮਲ ਹੋ ਗਏ ਹਨ। ਇਹ ਠੀਕ ਹੈ ਕਿ ਮਾਲਦੀਵ ਦੀ ਆਰਥਿਕਤਾ ਮੁੱਖ ਤੌਰ ਉੱਤੇ ਸੈਰ-ਸਪਾਟੇ ਉੱਤੇ ਨਿਰਭਰ ਹੈ, ਪਰ ਭਗਤਾਂ ਨੇ ਤਾਂ ਇਹ ਸਮਝ ਲਿਆ ਕਿ ਉਹ ਉੱਥੇ ਨਾ ਜਾ ਕੇ ਉਸ ਦੇਸ਼ ਨੂੰ ਗੋਡਿਆਂ ਪਰਨੇ ਕਰ ਦੇਣਗੇ। ਸੱਚਾਈ ਇਹ ਹੈ ਕਿ ਪਿਛਲੇ ਸਾਲ ਮਾਲਦੀਵ ਵਿੱਚ ਕੁੱਲ 17.57 ਲੱਖ ਸੈਲਾਨੀ ਆਏ ਸਨ, ਜਿਨ੍ਹਾਂ ਵਿੱਚ ਭਾਰਤੀਆਂ ਦੀ ਗਿਣਤੀ ਸਿਰਫ਼ ਦੋ ਲੱਖ 9 ਹਜ਼ਾਰ ਸੀ। ਉਸ ਦਾ ਇਹ ਘਾਟਾ ਮੁਸਲਿਮ ਦੇਸ਼ ਪੂਰਾ ਕਰ ਦੇਣਗੇ। ਇਸ ਘਟਨਾਕ੍ਰਮ ਦਾ ਸਿੱਟਾ ਇਹ ਨਿਕਲਿਆ ਕਿ ਮੋਇਜ਼ੂ ਨੇ ਭਾਰਤ ਨੂੰ ਆਪਣੇ ਫੌਜੀ ਕੱਢਣ ਲਈ 15 ਮਾਰਚ ਤੱਕ ਦਾ ਅਲਟੀਮੇਟਮ ਦੇ ਦਿੱਤਾ ਹੈ।

ਇਸ ਤੋਂ ਪਹਿਲਾਂ ਨੇਪਾਲ ਤੇ ਭੂਟਾਨ ਵੀ ਸਾਥੋਂ ਦੂਰ ਹੋ ਚੁੱਕੇ ਹਨ। ਨੇਪਾਲ ਵਿੱਚ ਨਵਾਂ ਸੰਵਿਧਾਨ ਬਣਾਉਣ ਸਮੇਂ ਮੋਦੀ ਅਤੇ ਸੰਘ ਨੇ ਉੱਥੋਂ ਦੇ ਆਗੂਆਂ ਉੱਤੇ ਮਧੇਸ਼ੀਆਂ ਨੂੰ ਵੱਧ ਅਧਿਕਾਰ ਦੇਣ ਲਈ ਦਬਾਅ ਪਾਇਆ ਸੀ। ਨੇਪਾਲ ਦੇ ਨਾ ਮੰਨਣ ਉੱਤੇ ਭਾਰਤ ਨੇ ਨੇਪਾਲ ਦੀ ਨਾਕਾਬੰਦੀ ਕਰ ਦਿੱਤੀ ਸੀ। ਇਸ ਦੇ ਨਤੀਜੇ ਵਜੋਂ ਭਾਰਤ ਦਾ ਛੋਟਾ ਭਰਾ ਸਮਝਿਆ ਜਾਣ ਵਾਲਾ ਨੇਪਾਲ ਚੀਨ ਦੇ ਪਾਲੇ ਵਿੱਚ ਜਾ ਖੜ੍ਹਾ ਹੋਇਆ ਹੈ।

ਭੂਟਾਨ ਦੀ ਤਾਂ ਸੁਰੱਖਿਆ ਦਾ ਜ਼ਿੰਮਾ ਵੀ ਭਾਰਤ ਦਾ ਰਿਹਾ ਹੈ। ਉਥੋਂ ਦੀ ਬਦੇਸ਼ ਨੀਤੀ ਵੀ ਸਾਡੀ ਬਦੇਸ਼ ਨੀਤੀ ਅਨੁਸਾਰ ਘੜੀ ਜਾਂਦੀ ਰਹੀ ਹੈ। ਭੂਟਾਨ ਬੋਧੀ ਦੇਸ਼ ਹੈ। ਮੋਦੀ ਰਾਜ ਦੌਰਾਨ ਭਾਰਤ ਵਿੱਚ ਘੱਟਗਿਣਤੀ ਧਰਮਾਂ; ਮੁਸਲਮਾਨ, ਈਸਾਈ ਤੇ ਬੋਧੀਆਂ ਨੂੰ ਜਿਸ ਤਰ੍ਹਾਂ ਨਫ਼ਰਤ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ, ਉਸ ਦਾ ਅਸਰ ਭੂਟਾਨ ਦੇ ਬੁੱਧ ਧਰਮ ਦੇ ਅਨੁਯਾਈਆਂ 'ਤੇ ਪੈਣਾ ਲਾਜ਼ਮੀ ਸੀ। ਸੰਘ ਦੇ 'ਅਖੰਡ ਭਾਰਤ' ਵਰਗੇ ਵਿਸਥਾਰਵਾਦੀ ਨਾਅਰੇ ਵੀ ਗੁਆਂਢੀਆਂ ਨੂੰ ਚੁਭਣੇ ਸੁਭਾਵਕ ਹਨ। ਇਸ ਦੇ ਸਿੱਟੇ ਵਜੋਂ ਭੂਟਾਨ ਅੱਜ ਆਪਣੀ ਆਜ਼ਾਦ ਬਦੇਸ਼ ਨੀਤੀ 'ਤੇ ਤੁਰ ਪਿਆ ਹੈ। ਭਾਰਤ ਤੇ ਚੀਨ ਵਿਚਕਾਰ ਵਿਵਾਦ ਦਾ ਮੁੱਦਾ ਰਹੇ ਡੋਕਲਾਮ ਨੂੰ ਭੂਟਾਨ ਨੇ ਚੀਨ ਸਪੁਰਦ ਕਰ ਦਿੱਤਾ ਹੈ। ਚੀਨ ਉੱਥੇ ਸੜਕਾਂ ਤੇ ਬਸਤੀਆਂ ਵਸਾ ਰਿਹਾ ਹੈ।

ਨੇਪਾਲ, ਭੂਟਾਨ ਤੇ ਮਾਲਦੀਵ ਉਹ ਦੇਸ਼ ਹਨ, ਜਿੱਥੇ ਭਾਰਤੀਆਂ ਨੂੰ ਬਿਨਾਂ ਵੀਜ਼ਾ ਜਾਣ ਦੀ ਖੁੱਲ੍ਹ ਹੈ। ਜੇਕਰ ਮੋਦੀ ਸਰਕਾਰ ਇਸੇ ਤਰ੍ਹਾਂ ਸੰਘ ਦੀ ਵਿਸਥਾਰਵਾਦੀ ਨੀਤੀ ਉੱਤੇ ਚਲਦੀ ਰਹੀ ਤਾਂ ਭਾਰਤੀਆਂ ਨੂੰ ਇਨ੍ਹਾਂ ਦੇਸ਼ਾਂ ਵਿੱਚ ਜਾਣ ਲਈ ਵੀ ਪਾਬੰਦੀਆਂ 'ਚੋਂ ਗੁਜ਼ਰਨਾ ਪਿਆ ਕਰੇਗਾ। ਭਾਰਤ ਦੇ ਮੌਜੂਦਾ ਹਾਕਮਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਵਿਰੋਧੀ ਧਿਰ 'ਚ ਹੁੰਦਿਆਂ ਜੋ ਮਰਜ਼ੀ ਸੁਫ਼ਨੇ ਲਈ ਜਾਵੋ, ਪਰ ਸੱਤਾ ਉੱਤੇ ਹੁੰਦਿਆਂ ਤੁਹਾਨੂੰ ਆਪਣੀ ਬੋਲਬਾਣੀ ਸੰਸਾਰ ਦੀ ਸੱਚਾਈ ਮੁਤਾਬਕ ਢਾਲਣੀ ਹੋਵੇਗੀ। ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ ਜੱਫੀਆਂ ਪਾਉਣ ਤੇ ਬਰਿਆਨੀ ਖਾਣ ਨਾਲ ਬਦੇਸ਼ ਨੀਤੀ ਨਿਰਧਾਰਤ ਨਹੀਂ ਹੁੰਦੀ। ਸਾਮਰਾਜੀ ਮੁਲਕਾਂ ਦੇ ਆਗੂ ਬੜੇ ਬੇਰਹਿਮ ਹੁੰਦੇ ਹਨ, ਮੰਦਬੁੱਧੀ ਹਾਕਮ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਹ ਗੱਲ ਦੇਸ਼ ਵਾਸੀਆਂ ਨੂੰ ਵੀ ਸਮਝ ਲੈਣੀ ਚਾਹੀਦੀ ਹੈ।

-ਚੰਦ ਫਤਿਹਪੁਰੀ

ਪਾਠਕ-ਸੱਥ

ਅਵਾਰਾ ਕੁੱਤਿਆਂ ਤੇ ਪਸ਼ੂਆਂ ਦਾ ਕਦੋਂ ਹੋਵੇਗਾ ਹੱਲ?

ਮੈਂ ਪੰਜਾਬ ਦੇ ਮਾਣਯੋਗ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਉਹਨਾਂ ਦਾ ਕੀਤਾ ਵਾਅਦਾ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਆਪ ਦੀ ਸਰਕਾਰ ਬਣਨ ਤੋਂ ਪਹਿਲਾਂ ਮੰਤਰੀ ਸਾਬ੍ਹ ਨੇ ਇੱਕ ਮੋਰਚਾ ਖੋਲ੍ਹਿਆ ਸੀ ਕਿ ਅਵਾਰਾ ਪਸ਼ੂਆਂ ਤੇ ਅਵਾਰਾ ਕੁੱਤਿਆਂ ਦਾ ਹੱਲ ਕਰਨਾ ਮੇਰੇ ਲਈ ਇੱਕ ਦਿਨ ਦਾ ਕੰਮ ਹੈ। ਲੋਕ ਇਹਨਾਂ ਦੀ ਗਲਤਫਹਿਮੀ ਵਿੱਚ ਆ ਗਏ ਤੇ ਇਹਨਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਦੇ ਦਿੱਤਾ, ਪਰ ਇਹ ਇਹੋ ਜਿਹੇ ਸਰਕਾਰ ਦੇ ਘੋੜੇ ਉਤੇ ਬੈਠੇ ਕਿ ਉਸ ਘੋੜੇ ਨੇ ਜ਼ਮੀਨ 'ਤੇ ਪੈਰ ਹੀ ਨਹੀਂ ਲਾਏ, ਹਵਾ ਵਿੱਚ ਉੱਡਦਾ ਫਿਰਦਾ ਹੈ। ਸਾਰੇ ਕੀਤੇ ਵਾਅਦੇ ਭੁੱਲ ਗਏ। ਲੋਕ ਜਿਵੇਂ ਪਹਿਲਾਂ ਵਾਲੀਆਂ ਸਰਕਾਰਾਂ ਤੋਂ ਤੰਗ ਸਨ। ਅੱਜ ਉਵੇਂ ਹੀ ਇਹਨਾਂ ਤੋਂ ਤੰਗ ਆ ਚੁੱਕੇ ਹਨ। ਮਸਲੇ ਤਾਂ ਬਹੁਤ ਹਨ। ਪਰ ਜਿਹੜੇ ਅਵਾਰਾ ਕੁੱਤਿਆਂ ਅਤੇ ਅਵਾਰਾ ਪਸ਼ੂਆਂ ਦੇ ਹਨ, ਇਹਨਾਂ ਦੇ ਹੱਲ ਲਈ ਕੋਈ ਵੀ ਸਾਹਮਣੇ ਨਹੀਂ ਆ ਰਿਹਾ। ਬੱਸ ਬੰਦ ਕਮਰਿਆਂ ਅੰਦਰ ਹੀ ਬਿਆਨ ਦਿੱਤੇ ਜਾ ਰਹੇ ਹਨ, ਜਮੀਨੀ ਪੱਧਰ 'ਤੇ ਇਹਨਾਂ ਮਸਲਿਆਂ ਦਾ ਹੱਲ ਨਹੀਂ ਹੋ ਰਿਹਾ, ਇਹਨਾਂ ਦੀ ਦਹਿਸ਼ਤ ਅੱਤਵਾਦ ਨਾਲੋਂ ਵੀ ਜਿਆਦਾ ਭਿਆਨਕ ਹੈ। ਬੱਚਿਆਂ ਨੂੰ ਕੁੱਤੇ ਘਸੀਟ ਕੇ ਲੈ ਜਾ ਰਹੇ ਹਨ, ਪਸ਼ੂ ਆਉਂਦੇ ਜਾਂਦੇ ਵਾਹਨਾਂ ਨੂੰ ਟੱਕਰਾਂ ਮਾਰ-ਮਾਰ ਕੇ ਸੁੱਟਦੇ ਵਿਖਾਈ ਦਿੰਦੇ ਹਨ। ਲੋਕਾਂ ਦੇ ਮਨਾਂ ਵਿੱਚ ਇਹਨਾਂ ਪ੍ਰਤੀ ਬਹੁਤ ਜ਼ਿਆਦਾ ਖ਼ੌਫ਼ ਦਿਖਾਈ ਦੇ ਰਿਹਾ ਹੈ। ਮੰਤਰੀ ਸਾਬ੍ਹ ਆਪਣੇ ਕੀਤੇ ਵਾਅਦੇ ਕਦੋਂ ਪੂਰੇ ਕਰੋਂਗੇ, ਇਸ ਮਸਲੇ ਲਈ ਸਾਰੀਆਂ ਜਥੇਬੰਦੀਆਂ ਤੁਹਾਡੇ ਨਾਲ ਹਨ, ਪਰ ਤੁਸੀਂ ਹੁਣ ਹੋਰ ਹੀ ਕੰਮਾਂ ਵਿਚ ਰੁੱਝ ਗਏ ਹੋ।

-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ, ਮਮਦੋਟ, 75891-55501

ਕਮਿਊਨਿਸਟ ਲਹਿਰ ਦਾ 99 ਸਾਲਾ ਮਾਰਕਸੀ ਅਧਿਆਪਕ ਨਛੱਤਰ ਪਾਲ ਸਿੰਘ

ਪਿਰਥੀਪਾਲ ਸਿੰਘ ਮਾੜੀਮੇਘਾ

ਕਾਮਰੇਡ ਨਛੱਤਰ ਪਾਲ ਸਿੰਘ ਸੰਧੂ ਦੀ ਮੌਤ ਬਾਰੇ ਮੈਨੂੰ ਫੋਨ ਆਇਆ ਸੀ ਪੀ ਆਈ ਐੱਮ ਪੰਜਾਬ ਦੇ ਸੂਬਾਈ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਦਾ ਤੇ ਮੈਂ ਇੱਕ ਵਾਰ ਝੰਜੋੜਿਆ ਗਿਆ, ਕਿਉਂਕਿ ਪਾਰਟੀ ਕੋਲੋਂ ਜਿਉਂਦਾ-ਜਾਗਦਾ ਮਾਰਕਸਵਾਦ ਸਦਾ ਲਈ ਚਲੇ ਗਿਆ ਸੀ। ਮੈਂ ਉਸੇ ਵੇਲੇ ਸੇਖੋਂ ਨੂੰ ਪੁੱਛਿਆ ਕਿ ਉਨ੍ਹਾ ਦਾ ਸਸਕਾਰ ਕਦੋਂ ਹੋ ਰਿਹਾ ਹੈ ਤੇ ਉਸ ਨੇ ਦੱਸਿਆ ਸਵੇਰੇ । ਫਿਰ ਮੈਂ ਫੋਨ ਕੀਤਾ ਸੀ ਪੀ ਆਈ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਕੱਤਰ ਅਮਰਜੀਤ ਸਿੰਘ ਨੂੰ, ਸ਼ਾਇਦ ਉਨ੍ਹਾ ਨੂੰ ਇਸ ਦੁਖਦਾਈ ਖਬਰ ਦਾ ਪਤਾ ਮੇਰੇ ਤੋਂ ਹੀ ਲੱਗਾ ਸੀ। ਨਾਲ ਹੀ ਅਮਰਜੀਤ ਸਿੰਘ ਨੇ ਕਿਹਾ ਕਿ ਮੇਰੇ ਕੋਲੋਂ ਸਸਕਾਰ 'ਤੇ ਜਾਇਆ ਨਹੀਂ ਜਾਣਾ, ਕਿਉਂਕਿ ਮੈਂ ਵਾਹਵਾ ਹੀ ਢਿੱਲਾ ਹਾਂ। ਮੈਂ ਕਿਹਾ ਕੋਈ ਗੱਲ ਨਹੀਂ, ਤੁਸੀਂ ਆਪਣੇ ਸਰੀਰ ਦੀ ਤੰਦਰੁਸਤੀ ਨੂੰ ਪਹਿਲ ਦਿਓ, ਮੈਂ ਜਾਵਾਂਗਾ, ਪਰ ਮੈਨੂੰ ਪਤਾ ਕਰ ਦਿਓ ਕਿ ਸਸਕਾਰ ਕਿਥੇ ਹੋਣਾ ਹੈ। ਉਹ ਕੋਸ਼ਿਸ਼ ਕਰਦਾ ਰਿਹਾ, ਪਰ ਗੱਲ ਬਣੇ ਨਾ। ਫਿਰ ਮੈਂ ਦੁਬਾਰਾ ਫੋਨ ਕੀਤਾ ਸੇਖੋਂ ਨੂੰ ਤੇ ਉਸ ਨੇ ਮੈਨੂੰ ਗੁਰਮੇਸ਼ ਸਿੰਘ ਦਾ ਫੋਨ ਦਿੱਤਾ ਕਿ ਇਸ ਤੋਂ ਪੁੱਛ ਤੇ ਸਾਰਾ ਪਤਾ ਲੱਗ ਜਾਊ। ਗੁਰਮੇਸ਼ ਸੀ ਪੀ ਆਈ ਐੱਮ ਹੁਸ਼ਿਆਰਪੁਰ ਜ਼ਿਲ੍ਹੇ ਦਾ ਸਕੱਤਰ ਹੈ । ਉਸ ਤੋਂ ਮੈਨੂੰ ਪਤਾ ਲੱਗ ਗਿਆ ਤੇ ਮੈਂ ਅਮਰਜੀਤ ਸਿੰਘ ਨੂੰ ਦੱਸ ਦਿੱਤਾ ਤੇ ਨਾਲ ਹੀ ਅਮਰਜੀਤ ਸਿੰਘ ਨੇ ਕਿਹਾ ਕਿ ਤੁਸੀਂ ਦਫ਼ਤਰ ਜਾ ਕੇ ਪਾਰਟੀ ਦਾ ਝੰਡਾ ਵੀ ਲੈ ਲਿਓ ਤੇ ਕਾਮਰੇਡ ਜੀ ਦੀ ਦੇਹ 'ਤੇ ਪਾ ਦਿਓ, ਪਰ ਅਮਰਜੀਤ ਸਿੰਘ ਰਹਿ ਨਾ ਸਕਿਆ ਤੇ ਉਹ ਵੀ ਦਫ਼ਤਰ ਆ ਗਿਆ ਤੇ ਉਥੇ ਹੀ ਗੁਰਮੇਸ਼ ਸਿੰਘ ਹੁਰੀਂ ਵੀ ਆ ਗਏ। ਫਿਰ ਅਸੀਂ ਇਕੱਠੇ ਹੀ ਨਛੱਤਰ ਪਾਲ ਸਿੰਘ ਦੇ ਘਰ ਗਏ ਤੇ ਇਕੱਠਿਆਂ ਹੀ ਪਰਵਾਰ ਨਾਲ ਝੰਡਾ ਪਾਇਆ । ਕਾਮਰੇਡ ਹੁਰਾਂ ਆਪਣੇ ਪਰਵਾਰ ਨੂੰ ਵੀ ਪੱਕਾ ਕੀਤਾ ਹੋਇਆ ਸੀ ਕਿ ਤੁਸੀਂ ਮੇਰੇ 'ਤੇ ਪਾਰਟੀ ਦਾ ਝੰਡਾ ਜ਼ਰੂਰ ਪਾਉਣਾ ਜੇ ਤੇ ਉਨ੍ਹਾਂ ਵੱਖਰਾ ਝੰਡਾ ਵੀ ਪਾਇਆ । ਉਨ੍ਹਾ ਦਾ ਸ਼ਮਸ਼ਾਨਘਾਟ ਹੁਸ਼ਿਆਰਪੁਰ ਵਿਖੇ ਬੜੇ ਅਦਬ, ਸਤਿਕਾਰ ਤੇ ਨਾਅਰਿਆਂ ਦੀ ਗੂੰਜ ਵਿੱਚ ਸਸਕਾਰ ਕੀਤਾ ਗਿਆ।

ਉਨ੍ਹਾ ਦਾ ਜਨਮ 28-08-1925 ਨੂੰ ਹੋਇਆ ਸੀ। ਇਹੋ ਪਾਰਟੀ ਦਾ ਜੰਮਣ ਸਾਲ ਹੈ। ਉਹ ਪਿੰਡ ਖਰਲ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ ਦੇ ਜੰਮਪਲ ਸਨ। ਉਂਝ ਉਨ੍ਹਾਂ ਦੇ ਵਡੇਰਿਆਂ ਦਾ ਪਿੰਡ ਵਲਟੋਹਾ ਜ਼ਿਲ੍ਹਾ ਤਰਨ ਤਾਰਨ ਹੈ । ਇਸੇ ਕਰਕੇ ਹੀ ਉਨ੍ਹਾ ਦੀ ਗੋਤ ਵੀ ਸੰਧੂ ਹੈ, ਕਿਉਂਕਿ ਸੰਧੂ ਜ਼ਿਆਦਾਤਰ ਏਧਰ ਹੀ ਰਹਿੰਦੇ ਹਨ । ਉਨ੍ਹਾ ਦਾ ਵਡੇਰਾ ਸਰਦਾਰ ਅਮਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਦੁਆਬਾ ਜਿੱਤਿਆ ਤੇ ਪੰਜ -ਛੇ ਪਿੰਡਾਂ ਦੀ ਮਿਲਖ ਅਮਰ ਸਿੰਘ ਦੇ ਪਰਵਾਰ ਨੂੰ ਦੇ ਦਿੱਤੀ ਤੇ ਇਹ ਪਰਵਾਰ ਵਲਟੋਹੇ ਤੋਂ ਉੱਠ ਕੇ ਇਥੇ ਆ ਵੱਸਿਆ। ਕਾਮਰੇਡ ਕੁਲਵੰਤ ਸਿੰਘ ਐੱਮ ਐੱਲ ਏ ਦਾ ਪਰਵਾਰ ਵੀ ਇਸੇ ਮਿਲਖ ਵਿੱਚ ਵਲਟੋਹੇ ਤੋਂ ਆ ਕੇ ਵੱਸਿਆ ਸੀ । ਮੁੱਦਕੀ ਦੀ ਲੜਾਈ ਵਿੱਚ ਅਮਰ ਸਿੰਘ ਸ਼ਹੀਦ ਹੋ ਗਿਆ ਸੀ ਅਤੇ ਉਨ੍ਹਾ ਦੀ ਖਰਲ ਵਿੱਚ ਸਮਾਧ ਮੌਜੂਦ ਹੈ।

ਨਛੱਤਰ ਪਾਲ ਸਿੰਘ ਦੇ ਪਿਤਾ ਦਾ ਨਾਂਅ ਰੇਸ਼ਮ ਸਿੰਘ ਤੇ ਮਾਤਾ ਦਾ ਨਾਂਅ ਹੁਕਮ ਕੌਰ ਸੀ। ਕਾਮਰੇਡ ਜੀ ਚਾਰ ਭੈਣ-ਭਰਾ ਹਨ । ਇੱਕ ਭੈਣ ਹਰਬੰਸ ਕੌਰ ਕਾਮਰੇਡ ਸੋਹਣ ਸਿੰਘ ਜੋਸ਼ ਦੀ ਨੂੰਹ ਹੈ । ਕਾਮਰੇਡ ਜੀ ਦੀ ਪਤਨੀ ਦਾ ਨਾਂਅ ਮਹਿੰਦਰ ਕੌਰ ਹੈ। ਕਾਮਰੇਡ ਜੀ ਦੇ ਚਾਰ ਬੱਚੇ ਹਨ । ਉਨ੍ਹਾ ਦੀ ਇੱਕ ਧੀ ਜਗਦੀਸ਼ ਕੌਰ ਕਾਮਰੇਡ ਹਰੀ ਸਿੰਘ ਕੰਗ, ਜੋ ਸੀ ਪੀ ਆਈ ਐੱਮ ਦੇ ਕੇਂਦਰੀ ਕਮੇਟੀ ਦੇ ਲੰਮਾ ਸਮਾਂ ਮੈਂਬਰ ਰਹੇ, ਉਨ੍ਹਾ ਨਾਲ ਵਿਆਹੀ ਹੋਈ ਹੈ । ਇੱਕ ਧੀ ਦਾ ਨਾਂਅ ਬਲਰਾਜ ਕੌਰ ਤੇ ਉਸ ਦਾ ਪਤੀ ਹਰਮਿੰਦਰ ਸਿੰਘ ਹੈ । ਤੀਜੀ ਧੀ ਰਾਜਵੰਤ ਕੌਰ ਪਤਨੀ ਬਲਜੀਤ ਸਿੰਘ ਹੈ । ਪੁੱਤਰ ਰਾਜਵਿੰਦਰ ਸਿੰਘ ਤੇ ਉਨ੍ਹਾ ਦੀ ਪਤਨੀ ਦਾ ਨਾਂਅ ਸਰਬਜੀਤ ਕੌਰ ਹੈ।

ਕਾਮਰੇਡ ਨਛੱਤਰ ਪਾਲ ਸਿੰਘ ਦੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਕੇ ਮਾਮੇ ਦੇ ਪੁੱਤ ਸਨ । ਉਹ ਅਕਸਰ ਹੀ ਉਨ੍ਹਾ ਦੇ ਘਰ ਆਉਂਦੇ-ਜਾਂਦੇ ਰਹਿੰਦੇ ਸਨ। ਨਛੱਤਰ ਪਾਲ ਸਿੰਘ ਜੀ ਉਨ੍ਹਾ ਦੀ ਪ੍ਰੇਰਣਾ ਸਦਕਾ ਹੀ ਕਮਿਉਨਿਸਟ ਪਾਰਟੀ ਨਾਲ ਜੁੜੇ ਸਨ ।

ਕਾਮਰੇਡ ਨਛੱਤਰ ਪਾਲ ਸਿੰਘ ਨੇ ਪਟਵਾਰੀ ਦਾ ਕੋਰਸ ਕਰਕੇ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਕੁਝ ਸਮਾਂ ਨੌਕਰੀ ਵੀ ਕੀਤੀ ਸੀ। ਕਾਮਰੇਡ ਜੀ ਨੂੰ ਉਸ ਦੌਰ ਵਿੱਚ ਉਚ ਪੜ੍ਹਾਈ ਕਰਨ ਦਾ ਸਬੱਬ ਬਣਿਆ ਸੀ ਉਨ੍ਹਾ ਦੀ ਵੱਡੀ ਜ਼ਮੀਨ ਦੀ ਢੇਰੀ, ਕਿਉਂਕਿ ਕਾਮਰੇਡ ਜੀ ਦੇ ਵਡੇਰੇ ਤਾਂ ਤਕੜੇ ਜਗੀਰਦਾਰ ਜਾਂ ਜ਼ਿਮੀਂਦਾਰ ਸਨ। ਨੌਕਰੀ ਦੌਰਾਨ ਉਨ੍ਹਾ ਦੀ ਬਦਲੀ ਪਹਾੜੀ ਇਲਾਕੇ ਵਿੱਚ ਹੋ ਗਈ। ਓਧਰ ਬੱਸਾਂ ਵਗੈਰਾ ਨਾ ਜਾਂਦੀਆਂ ਹੋਣ ਕਰਕੇ ਉਨ੍ਹਾ

16-JAN-PAGE-5.qxd 1/15/2024 10:24 PM Page 1

ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ ਪੱਕਾ ਮੋਰਚਾ ਜਾਰੀ

ਬੁਢਲਾਡਾ (ਅਸ਼ੋਕ ਲਾਕੜਾ)

ਪਿੰਡ ਕੁਲਰੀਆਂ ਦੇ ਅਬਾਦਕਾਰ ਕਿਸਾਨਾਂ ਦੀ ਜ਼ਮੀਨ ਬਚਾਉਣ ਦੀ ਲੜਾਈ ਨੂੰ ਲੈ ਕੇ ਡੀ ਐੱਸ ਪੀ ਦਫਤਰ ਬੁਢਲਾਡਾ ਦੇ ਅੱਗੇ ਲੱਗਿਆ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ ਪੱਕਾ ਮੋਰਚਾ ਅੱਜ ਦਸਵੇਂ ਦਿਨ ਵੀ ਜਾਰੀ ਰਿਹਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਤੇ ਔਰਤਾਂ ਨੇ ਸ਼ਮੂਲੀਅਤ ਕੀਤੀ। ਇਸ ਤੋਂ ਸਿਵਾਏ ਰੰਗਰੇਟਾ ਦਲ ਦੇ ਆਗੂ ਵੀ ਧਰਨੇ ਵਿੱਚ ਹਾਜ਼ਰ ਰਹੇ। ਅੱਜ ਦੇ ਧਰਨੇ ਨੂੰ ਸੰਬੋਧਨ ਕਰਨ ਵਾਸਤੇ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਅਬਾਦਕਾਰ ਕਿਸਾਨਾਂ ਦੀ ਪੰਜਾਬ ਵਿੱਚ ਹਜ਼ਾਰਾਂ ਏਕੜ ਜ਼ਮੀਨ, ਜਿਸ ਦੇ ਮਾਲਕੀ ਹੱਕ ਕਿਸਾਨਾਂ ਨੂੰ ਹਰ ਹੀਲੇ ਲੈ ਕੇ ਦਿੱਤੇ ਜਾਣਗੇ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਵੱਖ ਵੱਖ ਨਾਂਅ ਵਰਤ ਕੇ ਹਮਲਾ ਸ਼ੁਰੂ ਕੀਤਾ ਹੋਇਆ ਹੈ, ਇਸ ਨੂੰ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਸਰਕਾਰ ਉੱਤੇ ਤੰਜ ਕਸਦਿਆਂ ਕਿਹਾ ਕਿ ਕਿਸਾਨਾ ਉੱਤੇ ਹਮਲਾ ਕਰਨ ਵਾਲੀ ਦੋਸ਼ੀ ਧਿਰ ਨੂੰ ਹਲਕਾ ਵਿਧਾਇਕ ਤੇ ਆਪ ਦੀ ਸਰਕਾਰ ਦੀ ਖੁੱਲ੍ਹੀ ਸ਼ਹਿ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਬੋਲਦਿਆਂ ਕਿਹਾ ਕਿ ਜੇ ਭਗਵੰਤ ਮਾਨ ਦੀ ਸਰਕਾਰ ਨੇ ਕਿਸਾਨਾਂ ਉੱਤੇ ਜਬਰ ਕਰਨਾ ਬੰਦ ਨਾ ਕੀਤਾ ਤੇ ਕੁਲਰੀਆਂ ਦੇ ਅਬਾਦਕਾਰ ਕਿਸਾਨਾਂ ਉੱਤੇ ਹਮਲਾ ਕਰਨ ਵਾਲੀ ਦੋਸ਼ੀ ਧਿਰ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਮਦ ਮੌਕੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਉਸ ਦਾ ਜਥੇਬੰਦੀ ਵੱਲੋਂ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਆਉਂਦੀ 19 ਜਨਵਰੀ ਨੂੰ ਭਗਵੰਤ ਮਾਨ ਦੇ ਬਰਨਾਲਾ ਦੌਰੇ ਦਾ ਕਾਲੀਆਂ ਝੰਡੀਆਂ ਲੈ ਕੇ ਵਿਰੋਧ ਕੀਤਾ ਜਾਵੇਗਾ। ਅੱਜ ਦੇ ਧਰਨੇ ਵਿੱਚ ਸੰਗਰੂਰ ਜ਼ਿਲ੍ਹੇ ਦੇ ਸੁਖਦੇਵ ਸਿੰਘ ਘਰਾਂਚੋ, ਮਹਿੰਦਰ ਸਿੰਘ ਮਾਝੀ ਸਮੇਤ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਭੁਪਿੰਦਰ ਸਿੰਘ ਗੁਰਨੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਤਾ ਰਾਮ ਗੋਬਿੰਦਪੁਰਾ, ਜਗਜੀਵਨ ਸਿੰਘ ਹਸਨਪੁਰ, ਤਾਰਾ ਚੰਦ ਬਰੇਟਾ, ਬਲਜੀਤ ਸਿੰਘ ਭੈਣੀ ਬਾਘਾ, ਸੱਤਪਾਲ ਸਿੰਘ ਵਗ਼ੈਰਾ, ਬੀਰਬਲ ਸਿੰਘ ਮਾਣਕ ਤੇ ਏਟਕ ਜਥੇਬੰਦੀ ਦੇ ਕਾਕਾ ਸਿੰਘ ਨੇ ਵੀ ਸੰਬੋਧਨ ਕੀਤਾ।

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਯਾਦਾਂ ਛੱਡ ਕੇ ਤੁਰ ਗਿਆ ਜਿਉਣ ਸਿੰਘ ਵਾਲ਼ੇ ਵਾਲ਼ਾ ਜਸਵੰਤ ਸਿੰਘਿੰ

ਬਠਿੰਡਾ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਤੇ ਤਹਿਸੀਲ ਤਲਵੰਡੀ ਸਾਬੋ ਦੇ ਰੇਤਲੇ ਪਿੰਡ ਜਿਉਣ ਸਿੰਘ ਵਾਲਾ ਦਾ ਸਿਰੜੀ ਤੇ ਮਿਹਨਤੀ ਕਿਸਾਨ ਸ੍ਰ. ਜਸਵੰਤ ਸਿੰਘ ਹੁਣ ਨਹੀਂ ਰਿਹਾ। ਪਿਛਲੇ ਦਿਨੀਂ ਉਸ ਵੱਲੋਂ ਪਰਲੋਕ ਸਿਧਾਰ ਜਾਣ ਪਿੱਛੋਂ ਹੁਣ ਪਿੱਛੇ ਕੇਵਲ ਉਸ ਦੀਆਂ ਯਾਦਾਂ ਰਹਿ ਗਈਆਂ ਹਨ।27 ਅਪ੍ਰੈਲ 1948 ਨੂੰ ਆਪਣੇ ਸਮੇਂ ਦੇ ਅਗਾਂਹ-ਵਧੂ ਕਿਸਾਨ ਸ੍ਰ. ਅਮਰ ਸਿੰਘ ਸ਼ੌਕੀ ਦੇ ਘਰ ਮਾਤਾ ਜਸ ਕੌਰ ਦੀ ਕੁੱਖੋਂ ਪੈਦਾ ਹੋਇਆ ਜਸਵੰਤ ਸਿੰਘ ਬਚਪਨ ਤੋਂ ਹੀ ਸੁਮੱਧਰ ਤੇ ਗੁੰਦਵੇਂ ਸਰੀਰ ਦਾ ਬਾਲਕ ਸੀ, ਸ਼ਾਇਦ ਇਹੋ ਹੀ ਵਜ੍ਹਾ ਸੀ ਕਿ ਉਹ ਛੋਟੀ ਉਮਰੇ ਹੀ ਜਸਵੰਤ ਸਿੰਘ ਲੋਗੜ ਦੇ ਨਾਮ ਨਾਲ ਬੁਲਾਇਆ ਤੇ ਜਾਣਿਆ ਜਾਣ ਲੱਗ ਪਿਆ ਸੀ।ਬਾਅਦ ਵਿੱਚ ਵਾਰ ਵਾਰ ਪੰਚ ਚੁਣੇ ਜਾਣ ਕਾਰਨ 'ਲੋਗੜ ਮੈਂਬਰ' ਉਸ ਦੀ ਪਹਿਚਾਣ ਤੇ ਤਖੱਲਸ ਹੀ ਬਣ ਗਿਆ ਸੀ।

ਪਿਤਾ ਨੇ ਆਪਣੇ ਤਖ਼ੱਲਸ ਸ਼ੌਕੀ ਕਰਕੇ ਜਸਵੰਤ ਸਿੰਘ ਨੂੰ ਸ਼ੌਕ ਨਾਲ਼ ਪਾਲ਼ਿਆ।ਜਸਵੰਤ ਸਿੰਘ ਨੂੰ ਸਮਾਜ ਵਿੱਚ ਇੱਕ ਸਨਮਾਨਤ ਸ਼ਖ਼ਸੀਅਤ ਵਜੋਂ ਪੇਸ਼ ਕਰਨ ਦਾ ਸੁਪਨਾ ਬਾਪੂ ਅਮਰ ਸਿੰਘ ਨੇ ਹਰ ਹੀਲੇ ਪੂਰਾ ਕਰਨ ਦਾ ਅਹਿਦ ਲਿਆ ਹੋਇਆ ਸੀ।ਆਪਣੀ ਅਨਪੜ੍ਹਤਾ ਤੇ ਸੀਮਤ ਸਾਧਨਾਂ ਦੇ ਬਾਵਜੂਦ ਪਿਤਾ ਜੀ ਵੱਲੋਂ ਆਪਣੇ ਲਾਡਲੇ ਤੇ ਜੇਠੇ ਪੁੱਤਰ ਜਸਵੰਤ ਸਿੰਘ ਨੂੰ ਪਹਿਲਾਂ ਪਿੰਡ ਦੇ ਸਰਕਾਰੀ ਸਕੂਲ ਤੋਂ ਮੁੱਢਲੀ ਸਿੱਖਿਆ ਦਿਵਾਈ ਗਈ।ਇਸ ਤੋਂ ਬਾਅਦ ਮਿਡਲ ਤੱਕ ਦੀ ਪੜ੍ਹਾਈ ਤਲਵੰਡੀ ਸਾਬੋ ਤੋਂ ਅਤੇ ਫਿਰ ਮੈਟ੍ਰਿਕ ਦੀ ਪੜ੍ਹਾਈ ਲਈ ਐੱਸ. ਐੱਸ. ਹਾਈ ਸਕੂਲ ਰਾਮਾ ਮੰਡੀ ਵਿਖੇ ਹੋਸਟਲ ਵਿੱਚ ਰਹਿੰਦਿਆਂ ਪੂਰੀ ਕੀਤੀ।ਉਸ ਸਮੇਂ ਵਿੱਚ ਕਿਸੇ ਪਿੰਡ ਦੇ ਦਲਿਤ ਪਰਿਵਾਰ ਦੇ ਬੱਚੇ ਦਾ ਮੈਟ੍ਰਿਕ ਪਾਸ ਹੋਣਾ ਕੋਈ ਅਲੋਕਾਰੀ ਗੱਲ ਜਾਪਦੀ ਸੀ।ਮੁਜ਼ਾਰਿਆਂ ਦਾ ਪਿੰਡ ਹੋਣ ਕਰਕੇ ਕੋਈ ਟਾਂਵਾਂ ਟਾਂਵਾਂ ਵਿਅਕਤੀ ਹੀ ਵਿੱਦਿਆ ਹਾਸਲ ਕਰਦਾ ਸੀ, ਸਰਦਾਰਾਂ ਦਾ ਬੋਲਬਾਲਾ ਤੇ ਜਗੀਰਦਾਰੀ ਸੋਚ ਕਰਕੇ ਉਚੇਰੀ ਸਿੱਖਿਆ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਸੀ।ਆਪਣੀ ਲਿਆਕਤ ਤੇ ਸਿੱਖਿਆ ਕਰਕੇ ਜਸਵੰਤ ਸਿੰਘ ਨੂੰ ਉਸ ਸਮੇਂ ਵਿੱਚ ਅਨੇਕਾਂ ਸਰਕਾਰੀ ਨੌਕਰੀਆਂ ਦੀ ਪੇਸ਼ਕਸ਼ ਹੋਈ, ਪਰ ਬਾਪੂ ਦੇ ਲਾਡ ਤੇ ਆਪਣੇ ਤੋਂ ਦੂਰ ਨਾ ਕਰਨ ਦੀ ਇੱਛਾ ਕਰਕੇ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਨੂੰ ਪਹਿਲ ਦਿੱਤੀ।ਜਸਵੰਤ ਸਿੰਘ ਨੇ ਆਗਿਆਕਾਰੀ ਪੁੱਤਰ ਹੋਣ ਕਰਕੇ ਤਨਦੇਹੀ ਨਾਲ ਖੇਤੀਬਾੜੀ ਕੀਤੀ ਤੇ ਛੋਟੀ ਉਮਰ ਵਿੱਚ ਮਾਤਾ ਦਾ ਸਾਇਆ ਸਿਰ ਤੋਂ ਉੱਠਣ ਕਾਰਨ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਵੀ ਬਾਖੂਬੀ ਨਿਭਾਇਆ। ਲਗਭੱਗ 54-55 ਵਰ੍ਹੇ ਪਹਿਲਾਂ ਜਸਵੰਤ ਸਿੰਘ ਦੀ ਸ਼ਾਦੀ ਮਾਨਸਾ ਨਿਵਾਸੀ ਸ੍ਰ. ਜੰਗੀਰ ਸਿੰਘ ਦੀ ਸਪੁੱਤਰੀ ਅਜਮੇਰ ਕੌਰ ਨਾਲ ਹੋਈ।ਇਸ ਪਰਿਵਾਰ ਵਿੱਚ ਚਾਰ ਬੱਚੇ ਭੋਲਾ ਸਿੰਘ, ਕਾਲਾ ਸਿੰਘ, ਮਨਜੀਤ ਕੌਰ ਤੇ ਬੇਅੰਤ ਕੌਰ ਪੈਦਾ ਹੋਏ, ਜੋ ਹੁਣ ਸ਼ਾਦੀ-ਸ਼ੁਦਾ ਤੇ ਆਪੋ-ਆਪਣੇ ਪਰਵਾਰਾਂ ਵਿੱਚ ਸੁਖਾਲ਼ਾ ਜੀਵਨ ਬਤੀਤ ਕਰ ਰਹੇ ਹਨ।ਦੋ ਭੈਣਾਂ ਚਰਨਜੀਤ ਕੌਰ, ਮਲਕੀਤ ਕੌਰ ਤੇ ਛੋਟੇ ਭਰਾ ਗੁਰਚਰਨ ਸਿੰਘ ਨਾਲ ਜਸਵੰਤ ਸਿੰਘ ਦਾ ਰਿਸ਼ਤਾ ਨਿੱਘ ਵਾਲਾ ਰਿਹਾ। 1982 ਦੇ ਦੌਰ ਵਿੱਚ ਪਿੰਡ ਦੇ ਜਾਗੀਰਦਾਰ ਵੱਲੋਂ ਦਲਿਤ ਭਾਈਚਾਰੇ ਦੇ ਕੀਤੇ ਗਏ ਸਮਾਜਿਕ ਬਾਈਕਾਟ ਨੇ ਭਾਈਚਾਰਕ ਸਾਂਝ ਨੂੰ ਤੋੜਿਆ।ਇਸ ਸਮੇਂ ਹੋਈਆਂ ਆਮ ਪੰਚਾਇਤੀ ਚੋਣਾਂ ਵਿੱਚ ਪਿੰਡ ਦੇ ਮੁਹਤਬਰ ਤੇ ਸਿਆਣੇ ਲੋਕਾਂ ਵੱਲੋਂ ਜਸਵੰਤ ਸਿੰਘ ਦੀ ਸਿੱਖਿਆ ਤੇ ਸ਼ਖ਼ਸੀਅਤ ਨੂੰ ਸਮਝਦਿਆਂ ਪੰਚਾਇਤ ਮੈਂਬਰ ਚੁਣਿਆ ਗਿਆ ਅਤੇ 1984 ਦੇ ਕਾਲ਼ੇ ਦੌਰ ਕਾਰਨ ਲੱਗਭੱਗ ਨੌਂ ਸਾਲ ਪੰਚਾਇਤ ਮੈਂਬਰ ਵਜੋਂ ਸੇਵਾਵਾਂ ਦਿੰਦੇ ਰਹੇ।ਆਪਣੇ ਕਾਰਜਕਾਲ ਦੌਰਾਨ ਉਨ੍ਹਾ ਨੇ ਪੰਚਾਇਤ ਨਾਲ ਮਿਲ ਕੇ ਅਨੇਕਾਂ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ।ਸਾਲ 2003 ਦੀਆਂ ਆਮ ਪੰਚਾਇਤੀ ਚੋਣਾਂ ਵਿੱਚ ਆਪ ਨੂੰ ਇੱਕ ਵਾਰ ਫਿਰ ਬਤੌਰ ਪੰਚਾਇਤ ਮੈਂਬਰ ਚੁਣਿਆ ਗਿਆ।ਆਪ ਪਿੰਡ ਦੇ ਸਰਕਾਰੀ ਸਕੂਲ ਦੀ ਪਸਵਕ ਕਮੇਟੀ ਦੇ ਮੈਂਬਰ, ਤਲਵੰਡੀ ਸਾਬੋ ਵਿਖੇ ਗੁਰੂਘਰ ਬ੍ਰਹਮ ਬੁੰਗਾ ਦੀ ਕਮੇਟੀ ਦੇ ਅਹੁਦੇਦਾਰ, ਪਿੰਡ ਵਿੱਚ ਰਵੀਦਾਸੀਆ ਭਾਈਚਾਰੇ ਦੀਆਂ ਸੰਸਥਾਵਾਂ ਦੇ ਪ੍ਰਬੰਧਕ ਵਜੋਂ ਵੱਖ-ਵੱਖ ਸਮਾਜਿਕ ਤੇ ਧਾਰਮਿਕ ਕਾਰਜਾਂ ਵਿੱਚ ਸਰਗਰਮੀ ਨਾਲ ਭੂਮਿਕਾ ਨਿਭਾਉਂਦੇ ਰਹੇ।ਪਿਤਾ ਸ੍ਰ. ਗੁਰਚਰਨ ਸਿੰਘ ਤੇ ਤਾਇਆ ਜਸਵੰਤ ਸਿੰਘ ਤੋਂ ਵਿਰਾਸਤ ਵਿੱਚ ਮਿਲੀ ਸੰਘਰਸ਼ਾਂ ਦੀ ਗੁੜਤੀ ਸਦਕਾ ਕਾਮਰੇਡ ਕ੍ਰਿਸ਼ਨ ਚੌਹਾਨ ਪਿਛਲੇ ਲੰਮੇ ਅਰਸੇ ਤੋਂ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮਾਨਸਾ ਦੇ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਤੇ ਹਲਕਾ ਬੁੱਢਲਾਡਾ ਤੋਂ ਲਗਾਤਾਰ ਦੋ ਵਾਰ ਚੋਣ ਲੜ ਚੁੱਕੇ ਹਨ।ਭਤੀਜ ਨੂੰਹ ਕਿਰਨਾ ਰਾਣੀ ਮਾਨਸਾ ਵਿਖੇ ਆਪਣੇ ਵਾਰਡ ਤੋਂ ਬਤੌਰ ਕੌਂਸਲਰ ਰਹਿ ਚੁੱਕੇ ਹਨ।ਜਸਵੰਤ ਸਿੰਘ ਦਾ ਛੋਟਾ ਭਤੀਜਾ ਡਾ. ਕੁਲਦੀਪ ਚੌਹਾਨ ਉਚੇਰੀ ਸਿੱਖਿਆ ਹਾਸਲ ਕਰਨ ਉਪਰੰਤ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਜਗਤਪੁਰ ਜੱਟਾਂ ਵਿਖੇ ਪੰਜਾਬੀ ਅਧਿਆਪਕ ਵਜੋਂ ਸੇਵਾ ਨਿਭਾਅ ਰਹੇ ਹਨ। ਪੋਤਰਾ ਹਰਮਨਪ੍ਰੀਤ ਸਿੰਘ ਚੌਹਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਰੀ ਤਕਨੀਕੀ ਸਿੱਖਿਆ ਲੈ ਰਹੇ ਹਨ।ਪੁੱਤਰਾਂ ਦੀ ਸਖ਼ਤ ਮਿਹਨਤ ਕਾਰਨ ਪੋਤਰੇ ਧਰਮਵੀਰ ਸਿੰਘ ਤੇ ਗੋਗੀ ਸਿੰਘ ਆਪਣੇ-ਆਪਣੇ ਕੰਮਾਂ ਵਿੱਚ ਮਸ਼ਰੂਫ ਹਨ।ਦੋਹਤਾ ਭੁਪਿੰਦਰ ਸਿੰਘ ਬਾਰਡਰ ਸਕਿਉਰਟੀ ਫੋਰਸ ਵਿੱਚ ਦੇਸ਼ ਦੀ ਸੇਵਾ ਕਰ ਰਹੇ ਹਨ ਤੇ ਛੋਟਾ ਦੋਹਤਾ ਸਤਨਾਮ ਸਿੰਘ ਅਬੋਹਰ ਦੇ ਸਰਕਾਰੀ ਕਾਲਜ ਤੋਂ ਵਿੱਦਿਆ ਹਾਸਲ ਕਰ ਰਿਹਾ ਹੈ।

8 ਜਨਵਰੀ 2021 ਨੂੰ ਆਏ ਅਚਾਨਕ ਅਧਰੰਗ ਦੇ ਦੌਰੇ ਕਾਰਨ ਮੈਂਬਰ ਜਸਵੰਤ ਸਿੰਘ (ਲੋਗੜ) ਨੂੰ ਆਪਣੇ ਪਰਿਵਾਰਕ ਤੇ ਸਮਾਜਿਕ ਕਾਰਜਾਂ ਤੋਂ ਵਾਂਝੇ ਹੋਣਾ ਪਿਆ।ਤਿੰਨ ਸਾਲ ਇਸ ਬਿਮਾਰੀ ਨਾਲ ਜੂਝਦਿਆਂ ਪਰਿਵਾਰ ਦੇ ਮੈਂਬਰਾਂ ਨੇ ਤਨਦੇਹੀ ਨਾਲ ਸਾਂਭ ਸੰਭਾਲ ਕੀਤੀ।ਅਖੀਰ 8 ਜਨਵਰੀ 2024 ਨੂੰ ਆਖਰੀ ਸਾਹ ਲੈਂਦਿਆਂ ਜਸਵੰਤ ਸਿੰਘ ਆਪਣੇ ਪਰਿਵਾਰ, ਰਿਸ਼ਤੇਦਾਰ ਤੇ ਚਾਹੁਣ ਵਾਲਿਆਂ ਨੂੰ ਸਦਾ ਲਈ ਵਿਛੋੜਾ ਦੇ ਗਏ।ਉਨ੍ਹਾ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 16 ਜਨਵਰੀ 2024 ਨੂੰ ਬਾਅਦ ਦੁਪਹਿਰ ਗੁਰਦੁਆਰਾ ਪਾਤਸ਼ਾਹੀ ਦਸਵੀਂ (ਅੰਦਰਲੇ ਗੁਰੂਘਰ) ਪਿੰਡ ਜੀਵਨ ਸਿੰਘ ਵਾਲਾ ਵਿਖੇ ਹੋਵੇਗਾ, ਜਿੱਥੇ ਵੱਖ-ਵੱਖ ਸਮਾਜਿਕ, ਧਾਰਮਿਕ ਤੇ ਸਿਆਸੀ ਆਗੂਆਂ ਵੱਲੋਂ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ।

-ਜਗਦੀਪ ਗਿੱਲ

ਸਿਹਤ ਸਹੂਲਤਾਂ ਨੂੰ ਲੈ ਕੇ ਪੰਜਾਬ ਸਰਕਾਰ ਵਚਨਬੱਧ : ਡੀ ਸੀ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਡਿਪਟੀ ਕਮਿਸ਼ਨਰ ਤੇ ਭਾਰਤੀ ਰੈੱਡ ਕਰਾਸ ਸੁਸਾਇਟੀ ਦੀ ਸ਼ਲਾਘਾ ਕਰਦਿਆ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦਾ ਇਹ ਇੱਕ ਬਹੁਤ ਹੀ ਅਹਿਮ ਉਪਰਾਲਾ ਹੈ, ਜੋ ਦਿਵਿਆਂਗ ਵਿਅਕਤੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸੈਂਟਰਾਂ ਦੇ ਇੱਥੇ ਸ਼ੁਰੂ ਹੋਣ ਨਾਲ ਸ਼ਹਿਰ ਦੇ ਨਾਲ-ਨਾਲ ਹੋਰਨਾਂ ਗੁਆਂਢੀ ਜ਼ਿਲ੍ਹਿਆਂ ਦੇ ਲੋਕਾਂ ਨੂੰ ਵੀ ਸਿਹਤ ਸਹੂਲਤਾਂ ਲੈਣ ਲਈ ਵੱਡਾ ਲਾਹਾ ਮਿਲੇਗਾ। ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇਹ ਸੂਬੇ ਦਾ ਪਹਿਲਾ ਸੈਂਟਰ ਜਿੱਥੇ ਦਿਵਿਆਂਗਾਂ ਨੂੰ ਇੱਕ ਛੱਤ ਹੇਠ ਹੀ ਸਾਰੀਆਂ ਲੋੜੀਂਦੀਆਂ ਸੁੱਖ ਸਹੂਲਤਾਂ ਮੁਹੱਈਆ ਕਰਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵੰਨ ਸਟਾਪ ਸੈਂਟਰ ਫਾਰ ਸਪੈਸ਼ਲੀ ਏਬਲਡ ਸੈਂਟਰ ਵਿਖੇ ਦਿਵਿਆਂਗ ਵਿਅਕਤੀਆਂ ਨੂੰ ਬਣਾਵਟੀ ਅੰਗ ਜਿਵੇਂ ਲੱਤਾਂ, ਬਾਹਾਂ ਆਦਿ ਮੁਫ਼ਤ 'ਚ ਮੁਹੱਈਆ ਕਰਾਈਆਂ ਜਾਣਗੀਆਂ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇੱਥੇ ਸਥਾਪਤ ਕੀਤੇ ਗਏ ਅਲਿਮਕੋ ਕੇਂਦਰ ਵਿਖੇ ਵੀ ਦਿਵਿਆਂਗ ਵਿਅਕਤੀਆਂ ਨੂੰ ਬਣਾਉਟੀ ਅੰਗਾਂ ਤੋਂ ਇਲਾਵਾ ਕੰਨਾਂ ਦੀ ਮਸ਼ੀਨਾਂ, ਟਰਾਈ ਸਾਈਕਲ, ਵ੍ਹੀਲ ਚੇਅਰ ਤੇ ਇਲੈਕਟ੍ਰਿਕ ਸਾਇਕਲ ਆਦਿ ਮੁਫ਼ਤ ਵਿੱਚ ਮੁਹੱਈਆ ਕਰਾਏ ਜਾਣਗੇ।

ਕਾਤਰਾਂ

ਮਾਘੀ ਦੇ ਦਿਹਾੜੇ ਨੂੰ ਸਮਰਪਤ ਅਖੰਡ ਪਾਠ ਕਰਵਾਏ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-40 ਮੁਕਤਿਆਂ ਦੀ ਯਾਦ ਵਿੱਚ ਅਤੇ ਮਾਘੀ ਦੇ ਦਿਹਾੜੇ ਨੂੰ ਮੁੱਖ ਰੱਖਦਿਆਂ ਗੁ: ਬਾਬਾ ਨਰੈਣ ਦਾਸ ਜੀ ਜੈਦ ਪੱਤੀ ਲੌਂਗੋਵਾਲ ਵਿਖੇ ਸ਼੍ਰੀ ਅਖੰਡ ਪਾਠ ਕਰਵਾਏ ਗਏ, ਜਿਸ ਦੌਰਾਨ ਭਾਈ ਜਸਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਦੂਲੋ ਦੇ ਰਾਗੀ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ।ਇਸ ਸਮਾਗਮ ਵਿੱਚ ਭਾਈ ਗੋਬਿੰਦ ਸਿੰਘ ਲੌਂਗੋਵਾਲ, ਬਾਬਾ ਸੁਖਦੇਵ ਸਿੰਘ, ਬਾਬਾ ਬਲਵਿੰਦਰ ਸਿੰਘ, ਪਰਮਜੀਤ ਸਿੰਘ ਮੈਨੇਜਰ, ਮਨਪ੍ਰੀਤ ਸਿੰਘ, ਨਿਰਮਲ ਸਿੰਘ, ਮਨਦੀਪ ਸਿੰਘ, ਕੁਲਦੀਪ ਸਿੰਘ ਦੂਲੋ, ਬੀਰਾ ਸਿੰਘ, ਮੁੱਖ ਗ੍ਰੰਥੀ ਭਾਈ ਪਵਿੱਤਰ ਸਿੰਘ ਸਾਹੋਕੇ ਆਦਿ ਮੌਜੂਦ ਸਨ।

ਕੁੱਟਮਾਰ ਕਰਨ ਦੇ ਦੋਸ਼ 'ਚ ਦੋ ਨਾਮਜ਼ਦ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਸਦਰ ਫ਼ਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਗੱਟੀ ਰਾਜੋ ਕੇ ਵਿਖੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਪੁਲਸ ਨੇ ਦੋ ਵਿਅਕਤੀਆਂ ਖਿਲਾਫ਼ 324, 323, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਪ੍ਰਕਾਸ਼ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਗੱਟੀ ਰਾਜੋ ਕੇ ਨੇ ਦੱਸਿਆ ਕਿ ਉਹ ਆਪਣੇ ਘਰ ਜਾ ਰਿਹਾ ਸੀ ਤਾਂ ਪਿੰਡ ਗੱਟੀ ਰਾਜੋ ਕੇ ਸਰਕਾਰੀ ਸਕੂਲ ਪਾਸ ਦੋਸ਼ੀਅਨ ਸੋਨੂੰ ਪੁੱਤਰ ਬੱਗਾ ਸਿੰਘ, ਬੱਗਾ ਸਿੰਘ ਪੁੱਤਰ ਨਿਸ਼ਾਨ ਸਿੰਘ ਵਾਸੀ ਗੱਟੀ ਰਾਜੋ ਕੇ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਵਜ੍ਹਾ ਰੰਜ਼ਿਸ਼ ਇਹ ਹੈ ਕਿ ਦੋਸ਼ੀਅਨ ਜੋ ਉਸ ਦੀ ਪਤਨੀ 'ਤੇ ਮਾੜੀ ਨਿਗ੍ਹਾ ਰੱਖਦੇ ਸਨ ਤੇ ਉਹ ਇਨ੍ਹਾ

page-6-16-Jan.-2024.qxd 1/15/2024 10:34 PM Page 1

ਪਲੇਠਾ ਐੱਨਐੱਫਓ -'ਓਲਡ ਬ੍ਰਿਜ ਫੋਕਸਡ ਇਕੁਇਟੀ ਫੰਡ' ਲਾਂਚ

ਅੰਮ੍ਰਿਤਸਰ : ਓਲਡ ਬ੍ਰਿਜ ਕੈਪੀਟਲ ਮੈਨੇਜਮੈਂਟ ਦੁਆਰਾ ਸਪਾਂਸਰ ਕੀਤੇ ਗਏ ਓਲਡ ਬ੍ਰਿਜ ਮਿਊਚੁਅਲ ਫੰਡ ਨੇ ਆਪਣੀ ਪਹਿਲੀ ਨਵੀਂ ਇਕੁਇਟੀ ਫੰਡ ਪੇਸ਼ਕਸ਼-'ਓਲਡ ਬ੍ਰਿਜ ਫੋਕਸਡ ਇਕੁਇਟੀ ਫੰਡ' ਦੀ ਸ਼ੁਰੂਆਤ ਦੇ ਨਾਲ ਭਾਰਤ ਦੇ ਅਸਥਿਰ ਮਿਊਚੁਅਲ ਫੰਡ ਉਦਯੋਗ ਵਿੱਚ ਆਪਣੇ ਪ੍ਰਵੇਸ਼ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਓਪਨ-ਐਂਡ ਇਕੁਇਟੀ ਸਕੀਮ ਦਾ ਉਦੇਸ਼ ਨਿਵੇਸ਼ਕਾਂ ਨੂੰ ਧਿਆਨ ਨਾਲ ਚੁਣੀਆਂ ਗਈਆਂ ਕੰਪਨੀਆਂ ਦੀ ਵਿਕਾਸ ਸੰਭਾਵਨਾ ਵਿੱਚ ਹਿੱਸਾ ਲੈਣ ਦਾ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਨਾ ਹੈ। ਇਹ ਐੱਨਐੱਫਓ 17 ਜਨਵਰੀ, 2024 ਤੋਂ 19 ਜਨਵਰੀ, 2024 ਤੱਕ ਗਾਹਕੀ ਲਈ ਖੁੱਲ੍ਹਾ ਹੈ। ਇਹ ਸਕੀਮ ਐੱਸ ਐਂਡ ਪੀਬੀਐੱਸਈ ਦੁਆਰਾ ਸ਼ੁਰੂ ਕੀਤੀ ਗਈ ਹੈ। ਫੰਡ ਦਾ ਪ੍ਰਬੰਧਨ ਤਜਰਬੇਕਾਰ ਨਿਵੇਸ਼ ਪੇਸ਼ੇਵਰਾਂ, ਕੇਨੇਥ ਐਂਡਰੇਡ ਅਤੇ ਤਰੰਗ ਅਗਰਵਾਲ ਦੁਆਰਾ ਕੀਤਾ ਜਾਵੇਗਾ ਜੋ ਕਿ ਅਸਥਿਰ ਮਾਰਕੀਟ ਸਥਿਤੀਆਂ ਤੋਂ ਲਾਭ ਲੈਣ ਲਈ ਆਪਣੇ ਸੰਯੁਕਤ ਤਜਰਬੇ ਅਤੇ ਮੁਹਾਰਤ ਨੂੰ ਪ੍ਰਾਪਤ ਕਰਨਗੇ।

ਕੀਆ ਵੱਲੋਂ 7.99 ਲੱਖ ਰੁਪਏ ਦੀ ਸ਼ੁਰੂਆਤੀ ਕੀਮਤ 'ਤੇ ਏਡੀਏਐੱਸ ਨਾਲ ਨਵੀਂ ਸੋਨੇਟ ਪੇਸ਼

ਚੰਡੀਗੜ੍ਹ : ਭਾਰਤ ਦੀ ਆਗੂ ਪ੍ਰੀਮੀਅਮ ਕਾਰ ਨਿਰਮਾਤਾ ਕੰਪਨੀ ਕੀਆ ਨੇ ਆਪਣੀ ਸਭ ਤੋਂ ਪ੍ਰੀਮੀਅਮ ਕਾਂਪੈਕਟ ਐੱਸਯੂਵੀ-ਨਵੀਂ ਸੋਨੇਟ ਨੂੰ ਦੇਸ਼ ਭਰ ਵਿੱਚ 7.99 ਲੱਖ ਰੁਪਏ (ਐਕਸ-ਸ਼ੋਰੂਮ) ਤੋਂ ਸ਼ੁਰੂ ਕਰਕੇ ਵਿਸ਼ੇਸ਼ ਆਰੰਭਿਕ ਕੀਮਤ 'ਤੇ ਪੇਸ਼ ਕੀਤਾ ਹੈ। ਦਸੰਬਰ 2023 ਵਿੱਚ ਘੁੰਡ ਚੁਕਾਈ ਕੀਤੀ ਗਈ, ਕੀਆ ਦੇ ਦੂਜੇ ਸਭ ਤੋਂ ਜ਼ਿਆਦਾ ਵਿਕਣ ਵਾਲੇ ਇਨੋਵੇਸ਼ਨ ਦਾ ਇਹ ਨਵੀਨਤਮ ਸੰਸਕਰਣ 25 ਸੁਰੱਖਿਆ ਫੀਚਰਜ਼ ਦਾ ਦਾਅਵਾ ਕਰਦਾ ਹੈ, ਜਿਸ ਵਿੱਚ 10 ਆਟੋਨੋਮਸ ਫੀਚਰਜ਼ ਦੇ ਨਾਲ ਇੱਕ ਉੱਤਮ ਏਡੀਏਐੱਸ ਅਤੇ ਇੱਕ ਮਜ਼ਬੂਤ 15 ਹਾਈ ਸੇਫਟੀ ਫੀਚਰਜ਼ ਸ਼ਾਮਿਲ ਹਨ। ਨਵੀਂ ਸੋਨੇਟ ਦੇ ਲਾਂਚ/ਕੀਮਤ ਦਾ ਐਲਾਨ ਕਰਦੇ ਹੋਏ ਕੀਆ ਇੰਡੀਆ ਦੇ ਮੁੱਖ ਵਿਕਰੀ ਅਤੇ ਬਿਜ਼ਨੈੱਸ ਪਾਲਿਸੀ ਅਧਿਕਾਰੀ ਮਯੂੰਗ-ਸਿਕ ਸੋਹਨ ਨੇ ਕਿਹਾ ਕਿ ਅਸੀਂ ਨਵੀਂ ਸੋਨੇਟ ਨੂੰ ਪੇਸ਼ ਕਰਕੇ ਇੱਕ ਵਾਰ ਫਿਰ ਕਾਂਪੈਕਟ ਐੱਸਯੂਵੀ ਸੈਗਮੈਂਟ ਨੂੰ ਪ੍ਰੀਮੀਅਮ ਬਣਾ ਰਹੇ ਹਾਂ।

ਅੱਜ ਲੜਕੀਆਂ ਲੜਕਿਆਂ ਤੋਂ ਕਿਸੇ ਵੀ ਖੇਤਰ 'ਚ ਪਿੱਛੇ ਨਹੀਂ : ਕਲਸੀ

ਬਟਾਲਾ (ਡਾ. ਮਲਵਿੰਦਰ ਸਿੰਘ)-ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਮਹਿਲਾ ਸਸ਼ਕਤੀਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਅਤੇ ਲੜਕੀਆਂ ਨੂੰ ਸਮਾਜ ਵਿੱਚ ਅੱਗੇ ਵੱਧਣ ਲਈ ਬਰਾਬਰ ਮੌਕੇ ਮੁਹੱਈਆ ਕਰਵਾਏ ਜਾ ਰਹੇ ਹਨ। ਇਹ ਪ੍ਰਗਟਾਵਾ ਉਨ੍ਹਾਂ ਮਾਨ ਨਗਰ ਵਿਖੇ ਮਨਾਏ ਲੋਹੜੀ ਦੇ ਤਿਓਹਾਰ ਦੌਰਾਨ ਕੀਤਾ। ਮਾਨ ਨਗਰ ਵਿਖੇ ਧੀਆਂ ਦੀ ਲੋਹੜੀ ਦੇ ਰੱਖੇ ਪ੍ਰੋਗਰਾਮ ਵਿੱਚ 'ਕੁਦਰਤ ਦੇ ਸਭ ਬੰਦੇ ਸੇਵਾ ਸੁਸਾਇਟੀ' ਵਲੋਂ ਲੋੜਵੰਦ ਲੋਕਾਂ ਨੂੰ ਲੋਈਆਂ ਤੇ ਕੰਬਲ ਆਦਿ ਸਾਮਾਨ ਵੰਡਿਆ ਗਿਆ। ਇਸ ਮੌਕੇ ਇਨਰਵ੍ਹੀਲ ਕਲੱਬ ਬਟਾਲਾ ਅਤੇ ਨੀਵ ਸੁਸਾਇਟੀ ਦੇ ਨੁਮਾਇੰਦੇ ਵੀ ਮੌਜੂਦ ਸਨ। ਸ਼ੈਰੀ ਕਲਸੀ ਨੇ ਕਿਹਾ ਕਿ ਅੱਜ ਧੀਆਂ ਹਰ ਖੇਤਰ ਵਿਚ ਅੱਗੇ ਵੱਧ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਵੱਲੋਂ ਹਰ ਪੱਧਰ 'ਤੇ ਮਹਿਲਾ ਸਸ਼ਕਤੀਕਰਨ ਲਈ ਉਪਰਾਲੇ ਹੋ ਰਹੇ ਹਨ ਪਰ ਸਮਾਜਿਕ ਪੱਧਰ 'ਤੇ ਵੀ ਇਸ ਤਰ੍ਹਾਂ ਦੇ ਸਮਾਗਮ ਹੋਣ ਨਾਲ ਸਮਾਜਿਕ ਸੋਚ ਵਿਚ ਤੇਜ਼ੀ ਨਾਲ ਬਦਲਾਅ ਆਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਦੇ ਤਿਓਹਾਰ ਸਾਡੀ ਵਿਰਾਸਤ ਅਤੇ ਸੱਭਿਆਚਾਰ ਦਾ ਪ੍ਰਤੀਕ ਹਨ ਅਤੇ ਸਭ ਨੂੰ ਇਹ ਤਿਓਹਾਰ ਆਪਸੀ ਭਾਈਚਾਰੇ ਦਾ ਸੰਦੇਸ਼ ਵੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਤਿਓਹਾਰ ਆਪਸੀ ਭਾਈਚਾਰਾ ਮਜ਼ਬੂਤ ਕਰਦੇ ਹਨ ਅਤੇ ਹੁਣ ਸਿਰਫ ਪੁੱਤਰਾਂ ਦੀ ਲੋਹੜੀ ਮਨਾਉਣ ਦੀ ਰਵਾਇਤ ਪੂਰੀ ਤਰਾਂ ਟੁੱਟ ਗਈ ਹੈ ਅਤੇ ਲੋਕ ਧੀਆਂ ਦੀ ਲੋਹੜੀ ਵੀ ਉਨੇ ਹੀ ਉਤਸ਼ਾਹ ਨਾਲ ਮਨਾਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਦਿਨ ਸਾਨੂੰ ਸਾਡੀ ਵਿਰਾਸਤ ਨਾਲ ਜੋੜਦਾ ਹੈ। ਉਨ੍ਹਾਂ ਕਿਹਾ ਕਿ ਨਾਰੀ ਤੋਂ ਬਿਨਾਂ ਸਮਾਜ ਦੀ ਕਲਪਨਾ ਕਰਨਾ ਸੰਭਵ ਨਹੀਂ ਹੈ। ਅੱਜ ਦੇ ਯੁਗ ਵਿੱਚ ਲੜਕੀਆਂ ਲੜਕਿਆਂ ਤੋਂ ਕਿਸੇ ਵੀ ਖੇਤਰ ਵਿੱਚ ਪਿੱਛੇ ਨਹੀਂ ਹਨ। ਹਰ ਵਾਰ ਮੌਕਾ ਮਿਲਣ ਤੇ ਵਿਸ਼ਵ ਪੱਧਰ ਤੇ ਲੜਕੀਆਂ ਨੇ ਨਾਮਣਾ ਖੱਟਿਆ ਹੈ, ਜਿਵੇਂ ਕਿ ਮਦਰ ਟਰੇਸਾ, ਸੁਨੀਤਾ ਵਿਲੀਅਮ, ਕਲਪਨਾ ਚਾਵਲਾ, ਪੀਟੀ ਊਸ਼ਾ, ਕਿਰਨਬੇਦੀ ਅਤੇ ਪੀਵੀ ਸਿੰਧੂ ਵਰਗੀਆਂ ਹਜ਼ਾਰਾਂ ਲੜਕੀਆਂ ਇਸ ਗੱਲ ਦੀ ਮਿਸਾਲ ਹਨ। ਸਾਨੂੰ ਲੜਕੀਆਂ ਨੂੰ ਵੀ ਲੜਕਿਆਂ ਵਾਂਗ ਪਿਆਰ ਕਰਨਾ ਚਾਹੀਦਾ ਹੈ ਅਤੇ ਉੱਚ ਵਿੱਦਿਆ ਸਹਿਤ ਚੰਗਾ ਪਾਲਣ-ਪੋਸ਼ਣ ਅਤੇ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਹਰ ਮੌਕਾ ਦੇਣਾ ਚਾਹੀਦਾ ਹੈ।

ਮੁੱਖ ਮੰਤਰੀ ਵੱਲੋਂ ਤਰਲੋਚਨ ਸਿੰਘ ਦੀ ਸ਼ਹਾਦਤ 'ਤੇ ਦੁੱਖ ਪ੍ਰਗਟ

ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤੀ ਫੌਜ ਦੇ ਜਵਾਨ ਤਰਲੋਚਨ ਸਿੰਘ ਦੀ ਸ਼ਹਾਦਤ 'ਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ, ਜਿਨ੍ਹਾਂ ਨੇ ਆਪਣੀ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ।ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ 11 ਸਿੱਖ ਐਲ ਆਈ 'ਚ ਤਾਇਨਾਤ 35 ਸਾਲਾ ਜਵਾਨ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਲਈ ਡਿਊਟੀ ਨਿਭਾਉਂਦੇ ਹੋਏ ਬਰਫ਼ ਕਾਰਨ ਹਾਦਸਾਗ੍ਰਸਤ ਹੋ ਕੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਸੀ।ਉਨ੍ਹਾਂ ਕਿਹਾ ਕਿ ਬਦਕਿਸਮਤੀ ਨਾਲ ਤਰਲੋਚਨ ਸਿੰਘ ਜੋ ਕਿ ਪਿੰਡ ਜਖੇਪਲ ਧਾਲੀਵਾਲਬਾਸ, ਤਹਿਸੀਲ ਸੁਨਾਮ ਊਧਮ ਸਿੰਘ ਵਾਲਾ, ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਹੈ, ਨੇ ਆਰਮੀ ਹਸਪਤਾਲ ਵਿੱਚ ਇਲਾਜ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਦੇਸ਼ ਲਈ ਅਤੇ ਖਾਸ ਕਰਕੇ ਦੁਖੀ ਪਰਿਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਮੁੱਖ ਮੰਤਰੀ ਨੇ ਬਹਾਦਰ ਸ਼ਹੀਦ ਦੇ ਪਰਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਪਰਵਾਰ ਦੇ ਨਾਲ ਹੈ।

PUBLIC NOTICE

It is for general information that I, Heena Soni W/o Chandra Prakash Sharma R/o H.No. 97, Eldeco Green, Jalandhar, Pin-144026, Punjab India, declare that my name has been wrongly written as Heena Sharma in the passport No. S9304824 of my daughter Tashvi Sharma. My correct name is Heena Soni, which may be amended accordingly. It is certified that I have complied with other legal requirements in this connection.

ਬਾ ਅਦਾਲਤ (ਸ੍ਰੀ ਕੁਲਵਿੰਦਰ ਸਿੰਘ ਨਾਇਬ ਤਹਿਸੀਲਦਾਰ-ਕਮ-ਸਬ-ਰਜਿਸਟਰਾਰ), ਕਪੂਰਥਲਾ।

ਵਿਸ਼ਾ- ਅਣ- ਰਜਿਸਟਰਡ ਵਸੀਅਤ ਨੂੰ ਰਜਿਸਟਰਡ ਕਰਨ ਸਬੰਧੀ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਗੈਰ-ਮੁਸਤਕਾ ਵਸੀਅਤ ਮਿਤੀ 04.09.2018 ਨੂੰ ਵਲੋਂ ਇਕਬਾਲ ਸਿੰਘ ਉਮਰ 41 ਸਾਲ ਪੁੱਤਰ ਮੋਹਨ ਸਿੰਘ ਪੁੱਤਰ ਆਗਿਆ ਸਿੰਘ ਵਾਸੀ 51, ਰੋਜ ਐਵੀਨਿਊ ਕਪੂਰਥਲਾ ਨੇ ਬਾਹੱਕ ਆਪਣੀ ਪਤਨੀ ਗੁਰਬਖਸ਼ ਕੌਰ ਦੇ ਹੱਕ ਵਿੱਚ ਕੀਤੀ ਹੈ। ਇਕਬਾਲ ਸਿੰਘ ਦੀ ਮੌਤ ਮਿਤੀ 14.11.2018 ਨੂੰ ਹੋ ਚੁੱਕੀ ਹੈ।

ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ ਜੇਰੇ ਦਫਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਆਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ ਅੰਦਰ ਇਤਰਾਜ ਪੇਸ਼ ਕਰ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ ਜਾਬਤਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 15-1-2024 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਬ ਰਜਿਸਟਰਾਰ, ਕਪੂਰਥਲਾ

COURT NOTICE

(U/o 5 Rule 20 CPC)
In the Court of Ms. Neha Goel
Additional Civil Judge
(Senior Division) Dhuri
GW/13/2023
CNR No. PBSGB0-000854-2023
Next Date :- 02-02-2024
Jarnail Singh
Vs.
General Public
Publication Issued to :-
General Public : Punjab

in above titled case, the defendant (s)/respondent (s) could not be served. It is ordered that defendant (s) respondent (s) should appear in person or through counsel on 02.02.2024 at 10:00 A.M.

For details logon to https://highcourtchd.gov.in/?trs=district notice&district= Sangrur

Additional Civil Judge
(Senior Division)
(Dhuri)
Dated this day of 09-01-2024

COURT NOTICE

(U/ o5 Rule 20 CPC)
In The Court of Parinder Singh
Civil Judge (Senior Division)
Amritsar
CNR No. PBAS02-004838-2023
Next Date : 20.02.2024
CS DECL MINJ
Dalbir
Vs.
General Public
Publication Issued to :
General Public :

To Whom it may Concern

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 20.02.2024 at 10:00 A.M.

For details logon to https://highcourtchd.gov.in/?trs=district notice&district=Amritsar

Civil Judge
(SeniorDivision) Amritsar
Dated this day of 11-01-2024

COURT NOTICE

(U/o 5 Rule 20 CPC)
In the Court of Ms. Monika Lamba
Civil Judge Senior Division, Faridkot
CNR No. PBFD02-001590-2022
Next Date :- 01-02-2024
Madhu
Vs.
General Public
Application u/s 372 of India Succession Act, 1925 for grant of Succession certificate in respect of debts and securitions left behind by late Daropadi Devi.
Publication Issued to :-

1. Sanjay Kumar Resident of Dabwali, Distt. Sirsa, 2. Alka daughter of Sanjay Kumar resident of Sanjay Nagar, near railway station, Dabwali, Distt. Sirsa, Haryana, 3. Priya daughter of Sanjay Kumar resident of Gidderbaha, Sri Muktsar Sahib, 4. Golu son of Sanjay Kumar resident of Sanjay Nagar Dabwali, Distt. Sirsa, (Haryana), 5. Anu Rani wife of Mukesh Kumar daughter of Ramesh Kumar resident of near Valmik Mandir, Distt. Fazilka, 6. Lucky resident of Sant Nagar, Abohar Distt. Fazilka.

in above titled case, the defendant (s)/respondent (s) could not be served. It is ordered that defendant (s) respondent (s) should appear in person or through counsel on 01.02.2024 at 10:00 A.M.

For details logon to https://highcourtchd.gov.in/?trs=district notice&district= Faridkot

Civil Judge Senior Division,
Faridkot
Dated this day of 12-01-2024

ਕਲਾਸੀਫਾਈਡ ਇਸ਼ਤਿਹਾਰ

ਬੇਦਖਲੀ ਨੋਟਿਸ

ਮੈਂ, ਸੁਰਜੀਤ ਕੌਰ ਪਤਨੀ ਲੇਟ ਸ੍ਰੀ ਕੇਵਲ ਸਿੰਘ ਵਾਸੀ ਪਿੰਡ ਬਾਹਦ, ਡਾਕ. ਢੱਡੇ ਫ਼ਤਿਹ ਸਿੰਘ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਿਕੰਦਰ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕਸ਼ਮੀਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਰੂਪੋਵਾਲ ਡਾਕ. ਸਰਹਾਲਾ ਕਲਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਸਰਿੰਦਰ ਪਤਨੀ ਸਤੀਸ਼ ਕੁਮਾਰ ਵਾਸੀ ਮਕਾਨ ਨੰਬਰ 147,ਗਲੀ ਨੰ.3,ਗੋਟ ਖਜਾਨਾ,ਮੁੱਲਾ ਬਾਲਮੀਕ,ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜੇਸ਼ ਮਲਹੋਤਰਾ ਅਤੇ ਉਸਦੀ ਪਤਨੀ ਕਵਿਤਾ ਮਲਹੋਤਰਾ ਅਤੇ ਦੋ ਪੋਤਰੇ ਸ਼ਿਵ ਮਲਹੋਤਰਾ,ਰੁਬਲ ਮਲਹੋਤਰਾ ਅਤੇ ਪੋਤਰੀ ਸ਼ਿਵਨੇਆ ਮਲਹੋਤਰਾ ਜੋ ਕਿ ਸਾਰੇ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਸਭ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕੁਵਾਸਤਾ ਨਹੀਂ।

ਮੈਂ, ਅਮਰਜੀਤ ਕੌਰ ਪਤਨੀ ਖੁਸ਼ਪਾਲ ਸਿੰਘ ਵਾਸੀ ਮਕਾਨ ਨੰਬਰ 152, ਵਿਵੇਕ ਵਿਹਾਰ ਮਕਸੂਦਾ, ਜਲੰਧਰ ਹਾਲਵਾਸੀ ਮਕਾਨ ਨੰਬਰ 347, ਗਲੀ ਨੰਬਰ 7, ਸੁਦਰਸ਼ਨ ਪਾਰਕ ਮਕਸੂਦਾ, ਤਹਿਸੀਲ ਵਾ ਜ਼ਿਲਾ ਜਲੰਧਰ ਹਲਫੀਆ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਇੰਦਰਪ੍ਰਤਾਪ ਸਿੰਘ, ਜੋਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਇੰਦਰਪ੍ਰਤਾਪ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋ ਬੇਦਖਲ ਕਰਦੀ ਹਾਂ। ਜੋ ਕੋਈ ਵੀ ਉਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ।

ਅਸੀਂ, ਜਗਤਾਰ ਸਿੰਘ ਪੁੱਤਰ ਮਨੋਹਰ ਸਿੰਘ ਅਤੇ ਰੁਪਿਦਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਪਿੰਡ ਛੱਜਲਵੱਡੀ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਸਰਵਜੋਤ ਸਿੰਘ ਅਤੇ ਉਸ ਦੀ ਪਤਨੀ ਜਸ਼ਨਬੀਰ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਵਿਦੇਸ਼ ਰਹਿਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਅਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ ਰਿਹਾ।

ਅਸੀਂ, ਅਸ਼ਵਨੀ ਕੁਮਾਰ ਪੁੱਤਰ ਕਸਤੂਰੀ ਲਾਲ ਅਤੇ ਮੋਨਿਕਾ ਪਤਨੀ ਅਸ਼ਵਨੀ ਕੁਮਾਰ ਵਾਸੀਆਨ ਮਕਾਨ ਨੰ. 157/4, ਨੇੜੇ ਮਧੁਬਨ ਸਕੂਲ, ਨਿਊ ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦੀਪਕ ਜੋ ਕੁਆਰਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਜੀਤ ਸਿੰਘ ਪੁੱਤਰ ਸੁਲੱਖਣ ਸਿੰਘ, ਵਾਸੀ ਪਿੰਡ ਖੁਜਾਲਾ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲ

16-JAN-PAGE-7.qxd 1/15/2024 10:22 PM Page 1

ਗੰਨ ਹਾਊਸ 'ਤੇ ਹੋਈ ਅਸਲਾ ਚੋਰੀ ਦੀ ਵਾਰਦਾਤ

24 ਘੰਟਿਆਂ ਅੰਦਰ 14 ਅਸਲੇ, 30 ਕਾਰਤੂਸ ਸਮੇਤ 5 ਦੋਸ਼ੀ ਕਾਬੂ

ਸੰਗਰੂਰ (ਪ੍ਰਵੀਨ ਸਿੰਘ)

ਸ੍ਰੀ ਹਰਚਰਨ ਸਿੰਘ ਭੁੱਲਰ, ਡਿਪਟੀ ਇੰਸਪੈਕਟਰ ਜਨਰਲ ਪੁਲਸ, ਪਟਿਆਲਾ ਰੇਂਜ ਪਟਿਆਲਾ ਵੱਲੋਂ ਦੱਸਿਆ ਕਿ ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ ਸੰਗਰੂਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪੁਲਸ ਸੰਗਰੂਰ ਵੱਲੋਂ ਕਾਰਵਾਈ ਕਰਦੇ ਹੋਏ ਸ਼ਹਿਰ ਸੰਗਰੂਰ ਵਿਖੇ ਗੰਨ ਹਾਊਸ 'ਤੇ ਹੋਈ ਅਸਲਾ ਚੋਰੀ ਦੀ ਵਾਰਦਾਤ ਨੂੰ 24 ਘੰਟਿਆਂ ਅੰਦਰ ਟਰੇਸ ਕਰਕੇ 05 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਚੋਰੀ ਸੁਦਾ ਅਸਲਾ ਕੁੱਲ 14 ਵੈਪਨ ਸਮੇਤ 30 ਕਾਰਤੂਸ (05 ਪਿਸਟਲ, 05 ਰਿਵਾਲਵਰ, 03 ਬੰਦੂਕਾਂ, 01 ਰਾਇਫਲ) ਤੇ ਵਾਰਦਾਤ ਸਮੇਂ ਵਰਤਿਆ ਮੋਟਰਸਾਇਕਲ, 01 ਇਲੈਕਟ੍ਰੀਕਲ ਕਟਰ, 01 ਹਥੌੜਾ ਅਤੇ 01 ਰਾਡ ਬਰਾਮਦ ਕਾਏ ਗਏ। ਸ੍ਰੀ ਹਰਚਰਨ ਸਿੰਘ ਭੁੱਲਰ ਵੱਲੋਂ ਦੱਸਿਆ ਕਿ 12 ਤੇ 13 ਜਨਵਰੀ ਦੀ ਦਰਮਿਆਨੀ ਰਾਤ ਨੂੰ ਚੰਚਲ ਗੰਨ ਹਾਊਸ ਸੰਗਰੂਰ ਵਿੱਚੋਂ ਨਾਮਲੂਮ ਵਿਅਕਤੀਆਂ ਵੱਲੋਂ ਅਸਲਾ ਤੇ ਕਾਰਤੂਸ ਚੋਰੀ ਕੀਤੇ ਗਏ, ਜਿਸ 'ਤੇ ਚੰਚਲ ਕੁਮਾਰ ਪੁੱਤਰ ਚਤਰ ਭੁੱਜ ਗੋਇਲ ਵਾਸੀ ਮਕਾਨ ਨੰਬਰ 309, ਰਾਮ ਬਸਤੀ ਸੰਗਰੂਰ ਦੇ ਬਿਆਨ ਪਰ ਮੁਕੱਦਮਾ ਨੰਬਰ 04 13 ਜਨਵਰੀ 2024 ਅ/ਧ 380,457 ਹਿੰ: ਡੰ: ਤੇ 25/54/59 ਅਸਲਾ ਐਕਟ ਥਾਣਾ ਸਿਟੀ ਸੰਗਰੂਰ ਬਰਖਿਲਾਫ਼ ਨਾਮਲੂਮ ਵਿਅਕਤੀਆਂ ਦਰਜ ਰਜਿਸਟਰ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ। ਸ੍ਰੀ ਸਰਤਾਜ ਸਿੰਘ ਚਾਹਲ . ਐਸ.ਐਸ.ਪੀ ਸੰਗਰੂਰ ਵੱਲੋਂ ਮੁਕੱਦਮਾ ਨੂੰ ਟਰੇਸ ਕਰਨ ਲਈ ਸ੍ਰੀ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਸੰਗਰੂਰ ਦੀ ਨਿਗਰਾਨੀ ਹੇਠ ਸ੍ਰੀ ਮਨੋਜ ਗੋਰਸੀ, ਉਪ ਕਪਤਾਨ ਪੁਲਿਸ, ਸਬ ਡਵੀਜ਼ਨ ਸੰਗਰੂਰ, ਸ੍ਰੀ ਸੁਖਦੇਵ ਸਿੰਘ, ਉਪ ਕਪਤਾਨ ਪੁਲਸ (ਡੀ) ਸੰਗਰੂਰ, ਇੰਸਪੈਕਟਰ ਅਮਰੀਕ ਸਿੰਘ ਇੰਚਾਰਜ ਸੀ.ਆਈ.ਏ ਬਹਾਦਰ ਸਿੰਘ ਵਾਲਾ, ਥਾਣੇਦਾਰ ਗੁਰਪ੍ਰੀਤ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਸੰਗਰੂਰ, ਇੰਸਪੈਕਟਰ ਰਮਨਦੀਪ ਸਿੰਘ ਮੁੱਖ ਅਫ਼ਸਰ ਥਾਣਾ ਖਨੌਰੀ ਅਤੇ ਇੰਸਪੈਕਟਰ ਸੰਦੀਪ ਸਿੰਘ ਮੁੱਖ ਅਫ਼ਸਰ ਥਾਣਾ ਦਿੜਬਾ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਵੱਲੋਂ ਟੈਕਨੀਕਲ ਢੰਗ ਨਾਲ ਕਾਰਵਾਈ ਕਰਦੇ ਹੋਏ ਮੁਕੱਦਮਾ ਨੂੰ 24 ਘੰਟਿਆਂ ਅੰਦਰ ਟਰੇਸ ਕਰਕੇ ਦੋਸ਼ੀਆਨ (1) ਪਵਨਦੀਪ ਸਿੰਘ ਉਰਫ ਪੰਮਾ ਪੁੱਤਰ ਬਲਵਿੰਦਰ ਸਿੰਘ ਪੁੱਤਰ ਮਾਨ ਸਿੰਘ ਵਾਸੀ ਹਰਮਨ ਨਗਰ, ਨੇੜੇ ਮੱਛੀ ਪਾਲਣ ਚਨਾਗਰਾ ਰੋਡ ਪਾਤੜਾਂ, (2) ਅਮਨਦੀਪ ਸਿੰਘ ਉਰਫ ਅਮਨ ਪੁੱਤਰ ਸਰਵਣ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਪਿੰਡ ਟੋਡਰਪੁਰ ਥਾਣਾ ਬੋਹਾ ਜ਼ਿਲ੍ਹਾ ਮਾਨਸਾ, (3) ਮਲਵਿੰਦਰ ਸਿੰਘ ਪੁੱਤਰ ਪ੍ਰਗਟ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਵਾਰਡ ਨੰਬਰ: 01, ਪਟਿਆਲਾ ਰੋਡ ਪਾਤੜਾਂ, (4) ਸੰਦੀਪ ਸਿੰਘ ਉਰਫ਼ ਗਿਆਨੀ ਉਰਫ਼ ਰਣਪ੍ਰਤਾਪ ਸਿੰਘ ਪੁੱਤਰ ਕ੍ਰਿਸ਼ਨ ਸਿੰਘ ਵਾਸੀ ਨੇੜੇ ਵਾਲਮੀਕ ਥਾਈ, ਵਾਰਡ ਨੰਬਰ: 15, ਸੁੰਦਰ ਬਸਤੀ ਪਾਤੜਾਂ, (5) ਗੁਰਮੀਤ ਸਿੰਘ ਉਰਫ਼ ਰਾਜਵੀਰ ਉਰਫ਼ ਗੀਤਾ ਉਰਫ਼ ਕਾਲਾ ਨਿਹੰਗ ਪੁੱਤਰ ਸਰਵਨ ਸਿੰਘ ਪੁੱਤਰ ਗੱਜਣ ਸਿੰਘ ਵਾਸੀ ਟੋਡਰਪੁਰ ਥਾਣਾ ਬੋਹਾ (ਮਾਨਸਾ) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ ਕੁੱਲ 14 ਵੈਪਨ ਸਮੇਤ 30 ਜ਼ਿੰਦਾ ਕਾਰਤੂਸ (03 ਬੰਦੂਕਾ, ਇੱਕ ਰਾਇਫਲ, 05 ਪਿਸਟਲ ਤੇ 05 ਰਿਵਾਲਵਰ) ਵਾਰਦਾਤ ਸਮੇਂ ਵਰਤਿਆ ਮੋਟਰਸਾਇਕਲ, 01 ਇਲੈਕਟ੍ਰੀਕਲ ਕਟਰ, 01 ਹਥੌੜਾ ਤੇ 01 ਰਾਡ ਬਰਾਮਦ ਕਰਾਏ ਗਏ। ਦੋਸ਼ੀਆਨ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ, ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਅਕਾਲ ਅਕੈਡਮੀ ਚੀਮਾ ਦੇ 6 ਵਿਦਿਆਰਥੀਆਂ ਦੀ ਰਾਸ਼ਟਰੀ ਖੇਡਾਂ ਲਈ ਚੋਣ

ਚੀਮਾ ਮੰਡੀ (ਰਵਿੰਦਰ ਚੀਮਾ)

ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਚੀਮਾ (ਪੀ ਐੱਸ ਈ ਬੀ) ਦੇ ਛੇ ਵਿਦਿਆਰਥੀ ਦੀ ਰਾਸ਼ਟਰੀ ਪੱਧਰ ਲਈ ਚੋਣ ਹੋਈ, ਜੋ ਕਿ ਐਥਲੈਟਿਕਸ ਨੈਸ਼ਨਲ ਖੇਡਾਂ (ਏ ਐੱਫ ਆਈ) ਉਮਰ ਵਰਗ-14, ਉਮਰ ਵਰਗ-16 ਵਿੱਚ ਸਿਲੈਕਟ ਹੋਏ ਹਨ, ਜੋ 14 ਫਰਵਰੀ 2024 ਤੋਂ 18 ਫਰਵਰੀ 2024 ਤੱਕ ਗੁਜਰਾਤ ਅਹਿਮਦਾਬਾਦ ਵਿਖੇ ਹੋਣ ਜਾ ਰਹੀਆਂ ਹਨ, ਜਿਸ ਵਿੱਚ ਹੁਸਨਪਰੀਤ ਸਿੰਘ ਲੰਮੀ ਛਾਲ, ਜਗਸੀਰ ਸਿੰਘ 600 ਮੀਟਰ, ਸੁਖਪ੍ਰੀਤ ਸਿੰਘ 60 ਮੀਟਰ, ਅਨਮੋਲ ਪ੍ਰੀਤ ਸਿੰਘ ਲੰਮੀ ਛਾਲ, ਗੁਰਬਾਨ ਸਿੰਘ ਗੋਲਾ ਸੁੱਟਣ ਅਤੇ ਜਸਪ੍ਰੀਤ ਕੌਰ ਦੀ ਲੰਮੀ ਛਾਲ ਵਿੱਚ ਚੋਣ ਹੋਈ ਹੈ।ਇਸ ਮੌਕੇ ਗੁਰਦੁਆਰਾ ਜਨਮ ਅਸਥਾਨ ਦੇ ਮੁੱਖ ਸੇਵਾਦਾਰ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਅਕਾਲ ਅਕੈਡਮੀ ਚੀਮਾਂ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ, ਪਰਗਟ ਸਿੰਘ ਡੀ ਪੀ ਤੇ ਸਮੂਹ ਸਟਾਫ ਵੱਲੋਂ ਬੱਚਿਆਂ ਦੇ ਮਾਪਿਆਂ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਦੱਸਿਆ ਕਿ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਹਰ ਸਾਲ ਅਧਿਆਤਮਕ ਵਿੱਦਿਆ ਤੇ ਆਧੁਨਿਕ ਵਿੱਦਿਆ ਦੇ ਨਾਲ-ਨਾਲ ਖੇਡਾਂ ਵਿੱਚ ਹਰ ਸਾਲ ਨਵੇਂ ਇਤਿਹਾਸ ਸਿਰਜੇ ਜਾਂਦੇ ਹਨ।ਬੱਚਿਆਂ ਵੱਲੋਂ ਹਰੇਕ ਖੇਤਰ ਵਿੱਚ ਮੱਲਾਂ ਮਾਰੀਆਂ ਜਾ ਰਹੀਆਂ ਹਨ।ਬੱਚਿਆਂ ਦੇ ਭਵਿੱਖ ਨੂੰ ਉੱਜਵਲ ਕਰਨ ਲਈ ਅਕਾਲ ਅਕੈਡਮੀਆਂ ਦਾ ਆਪਣਾ ਵਿਸ਼ੇਸ਼ ਤੇ ਵਿਲੱਖਣ ਸਥਾਨ ਹੈ।

ਸੜਕ ਦੀ ਉੱਚ ਪੱਧਰੀ ਜਾਂਚ ਲਈ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

ਦੋਰਾਹਾ (ਹਰਮਿੰਦਰ ਸੇਠ)-ਘਟੀਆ ਮਟੀਰੀਅਲ ਨਾਲ ਪਾਇਲ ਤੋਂ ਕੁੱਪ ਤੱਕ ਬਣੀ ਸੜਕ ਨੂੰ ਲੈ ਕੇ ਫੂਲੇ ਸ਼ਾਹੂ ਅੰਬੇਡਕਰ ਲੋਕ ਜਗਾਓ ਮੰਚ ਦੇ ਆਗੂ ਤੇ ਹਲਕੇ ਤੋਂ ਆਜ਼ਾਦ ਚੋਣ ਲੜ ਚੁੱਕੇ ਗੁਰਦੀਪ ਸਿੰਘ ਕਾਲੀ ਅਤੇ ਜਥੇਦਾਰ ਸਰਬਜੀਤ ਸਿੰਘ ਜੱਲ੍ਹਾ ਵੱਲੋਂ ਇੱਕ ਮੰਗ ਪੱਤਰ ਐੱਸ ਡੀ ਐੱਮ ਪਾਇਲ ਨੂੰ ਦਿੱਤਾ ਗਿਆ ਤਾਂ ਜੋ ਇਮਾਨਦਾਰਾਂ ਦੀ ਸਰਕਾਰ ਵਿੱਚ ਘਟੀਆ ਮਟੀਰੀਅਲ ਨਾਲ ਬਣੀ ਸੜਕ ਦੀ ਉੱਚ ਪੱਧਰੀ ਜਾਂਚ ਕਰਵਾਈ ਜਾ ਸਕੇ।ਉਨ੍ਹਾਂ ਕਿਹਾ ਕਿ ਲਗਭਗ ਇੱਕ ਮਹੀਨਾ ਪਹਿਲਾਂ ਇਹ ਮੁੱਦਾ ਅਖਬਾਰਾਂ ਤੇ ਸੋਸ਼ਲ ਮੀਡੀਆ ਰਾਹੀਂ ਜਨਤਾ ਦੀ ਕਚਹਿਰੀ ਵਿੱਚ ਆਇਆ ਸੀ, ਪ੍ਰੰਤੂ ਇਸ ਇਮਾਨਦਾਰਾਂ ਦੀ ਸਰਕਾਰ ਵਿੱਚ ਕੀ ਵਿਧਾਇਕ ਅਤੇ ਨਾ ਹੀ ਕਿਸੇ ਅਧਿਕਾਰੀ ਨੇ ਇਸ ਸਬੰਧੀ ਕੋਈ ਸਪੱਸ਼ਟੀਕਰਨ ਦਿੱਤਾ ਹੈ ਤੇ ਨਾ ਹੀ ਸੜਕ ਦੀ ਘਟੀਆ ਮਟੀਰੀਅਲ ਤੇ ਕੁਆਲਟੀ ਸਬੰਧੀ ਅੱਗੇ ਆ ਕੇ ਮੂੰਹ ਖੋਲ੍ਹਣ ਲਈ ਤਿਆਰ ਹੈ।ਇਸ ਲਈ ਜਥੇਬੰਦੀ ਨੇ ਇਸ ਦੀ ਉੱਚ ਪੱਧਰੀ ਜਾਂਚ ਕਰਵਾਉਣ ਲਈ ਐੱਸ ਡੀ ਐੱਮ ਪਾਇਲ, ਲੋਕ ਨਿਰਮਾਣ ਮੰਤਰੀ, ਪੰਜਾਬ ਸਕੱਤਰ ਲੋਕ ਨਿਰਮਾਣ ਵਿਭਾਗ ਪੰਜਾਬ ਸਰਕਾਰ ਨੂੰ ਚਿੱਠੀਆਂ ਕੱਢੀਆਂ ਹਨ ਤਾਂ ਜੋ ਇਸ ਪਾਏ ਹੋਏ ਘਟੀਆ ਮਟੀਰੀਅਲ ਦੀ ਉੱਚ ਪੱਧਰੀ ਜਾਂਚ ਕੀਤੀ ਜਾ ਸਕੇ।ਕੇਂਦਰ ਸਰਕਾਰ ਵੱਲੋਂ ਸੜਕ ਨਾਂਅ ਦਾ ਐਪ ਬਣਾਇਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਕੋਈ ਸੜਕ ਘਟੀਆ ਕੁਆਲਿਟੀ ਦੀ ਬਣੀ ਹੈ, ਉਸ ਦੀ ਤੁਸੀਂ ਦਰਖਾਸਤ ਆਨਲਾਈਨ ਕਰੋ ਅਤੇ ਉਸ 'ਤੇ ਕਾਰਵਾਈ ਕੀਤੀ ਜਾਵੇਗੀ, ਪ੍ਰੰਤੂ ਇੱਕ ਮਹੀਨਾ ਬੀਤਣ ਤੋਂ ਬਾਅਦ ਵੀ ਉਸ ਉੱਪਰ ਕੋਈ ਕਾਰਵਾਈ ਨਹੀਂ ਹੋਈ। ਬੜੇ ਅਫਸੋਸ ਦੀ ਗੱਲ ਹੈ ਕਿ ਹਲਕੇ ਅੰਦਰ ਕਾਂਗਰਸ ਤੇ ਅਕਾਲੀ ਦਲ ਵੱਡਾ ਜਨ ਆਧਾਰ ਰੱਖ ਰਹੇ ਹਨ, ਪ੍ਰੰਤੂ ਇਸ ਤਰ੍ਹਾਂ ਦੇ ਚਿੱਟੇ ਦਿਨ ਹੋਏ ਭ੍ਰਿਸ਼ਟਾਚਾਰ ਸਬੰਧੀ ਇਨ੍ਹਾਂ ਦੋਨਾਂ ਪਾਰਟੀਆਂ ਦੇ ਵੀ ਮੂੰਹ ਬੰਦ ਹਨ।

ਕਾਤਰਾਂ

100 ਗ੍ਰਾਮ ਹੈਰੋਇਨ ਸਣੇ 2 ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ 100 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਬਲਕਾਰ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਟੀ-ਪੁਆਇੰਟ ਮੰਨੇਵਾਲਾ ਰੋਡ ਜਲਾਲਾਬਾਦ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਮਨਪ੍ਰੀਤ ਸਿੰਘ ਉਰਫ ਮੰਨੂ ਪੁੱਤਰ ਪੂਰਨ ਸਿੰਘ ਵਾਸੀ ਬਸਤੀ ਭੁੰਮਣ ਸ਼ਾਹ ਤੇ ਬਲਵਿੰਦਰ ਸਿੰਘ ਉਰਫ ਬੌਬੀ ਪੁੱਤਰ ਅਮਰਜੀਤ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਆਪਣੀ ਐਕਟੀਵਾ ਨੰਬਰ ਪੀ ਬੀ 05 ਏ ਜੀ 8206 ਦੀ ਡਿੱਗੀ 'ਚ ਹੈਰੋਇਨ ਛੁਪਾ ਕੇ ਪਿੰਡ ਕੱਟੀਆਂਵਾਲਾ ਤੋਂ ਸ਼ਹਿਰ ਜਲਾਲਾਬਾਦ ਸਾਈਡ ਨੂੰ ਆ ਰਹੇ ਹਨ। ਇਤਲਾਹ ਭਰੋਸੇਯੋਗ ਹੋਣ ਕਾਰਨ ਪੁਲਸ ਨੇ ਨਾਕਾਬੰਦੀ ਕਰਕੇ ਮਨਪ੍ਰੀਤ ਸਿੰਘ ਉਰਫ ਮੰਨੂ ਤੇ ਬਲਵਿੰਦਰ ਸਿੰਘ ਉਰਫ ਬੌਬੀ ਨੂੰ 100 ਗ੍ਰਾਮ ਹੈਰੋਇਨ ਤੇ ਐਕਟੀਵਾ ਸਮੇਤ ਕਾਬੂ ਕੀਤਾ ਗਿਆ। ਥਾਣਾ ਸਿਟੀ ਵਿਖੇ ਪੁਲਸ ਵੱਲੋਂ ਉਕਤ ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਤੇਜ਼ ਰਫਤਾਰ ਕਾਰ ਨੇ ਕਾਰ ਤੇ ਮੋਟਰਸਾਈਕਲ ਨੂੰ ਮਾਰੀ ਟੱਕਰ, ਦੋ ਜ਼ਖਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ-ਰਾਜਪੁਰਾ ਜੀ. ਟੀ. ਰੋਡ 'ਤੇ ਪਿੰਡ ਸੈਦਪੁਰਾ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ ਕਾਰਨ ਦੋ ਵਿਅਕਤੀਆਂ ਦੇ ਗੰਭੀਰ ਜ਼ਖਮੀ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੇਂਟ ਦਾ ਕੰਮ ਕਰਨ ਵਾਲਾ ਸੁਰਜੀਤ ਸਿੰਘ ਵਾਸੀ ਪਿੰਡ ਲਟੌਰ ਆਪਣੇ ਹੈਲਪਰ ਸੂਬੇ ਕੁਮਾਰ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਜੀ. ਟੀ. ਰੋਡ ਨਾਲ ਲਗਦੇ ਸਲਿੱਪ ਰੋਡ ਤੋਂ ਲੰਘ ਰਿਹਾ ਸੀ ਤਾਂ ਸੈਦਪੁਰਾ ਦੇ ਪੈਟਰੋਲ ਪੰਪ ਨਜ਼ਦੀਕ ਸਾਹਮਣਿਓਂ ਗਲਤ ਸਾਈਡ ਤੋਂ ਆਈ ਤੇਜ਼ ਰਫਤਾਰ ਕੀਆ ਕਾਰ ਦੇ ਚਾਲਕ ਨੇ ਬਹੁਤ ਅਣਗਹਿਲੀ ਨਾਲ ਕਾਰ ਚਲਾਉਂਦੇ ਹੋਏ ਇੱਕ ਅਰਟੀਗਾ ਕਾਰ ਨੂੰ ਟੱਕਰ ਮਾਰਨ ਉਪਰੰਤ ਪਿੱਛੇ ਆ ਰਹੇ ਇਨ੍ਹਾਂ ਦੇ ਮੋਟਰਸਾਈਲ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਪੇਂਟਰ ਸੁਰਜੀਤ ਸਿੰਘ ਦਾ ਪੱਟ ਤੇ ਚੂਲਾ ਟੁੱਟ ਗਿਆ ਅਤੇ ਉਸ ਦੇ ਪਿੱਛੇ ਬੈਠੇ ਹੈਲਪਰ ਸੂਬੇ ਕੁਮਾਰ ਦੇ ਵੀ ਗੰਭੀਰ ਸੱਟਾਂ ਲੱਗੀਆਂ।ਉਪਰੋਕਤ ਹਾਦਸਾ ਪੈਟਰੋਲ ਪੰਪ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਵੀ ਕੈਦ ਹੋ ਗਿਆ।ਕੀਆ ਕਾਰ ਦੇ ਚਾਲਕ ਨਰਿੰਦਰ ਸਿੰਘ ਵਾਸੀ ਪਿੰਡ ਰੰਧਾਵਾ ਵਿਰੁੱਧ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਮੋਹਨ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਜ਼ਿਲ੍ਹੇ 'ਚ ਲਗਾਏ ਵਿਸ਼ੇਸ਼ ਰੈਵੇਨਿਊ ਕੈਂਪ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਤੇ ਮੁੜ ਵਸੇਵਾ ਮੰਤਰੀ ਪੰਜਾਬ ਸ੍ਰੀ ਬ੍ਰਹਮ ਸੰਕਰ ਜਿੰਪਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲ੍ਹੇ ਦੀਆਂ ਤਹਿਸੀਲਾਂ ਤੇ ਸਬ ਤਹਿਸੀਲਾਂ ਵਿੱਚ ਪੈਂਡਿੰਗ ਪਏ ਇੰਤਕਾਲਾਂ ਦੇ ਨਿਪਟਾਰੇ ਸਬੰਧੀ ਕੈਂਪਾਂ ਦਾ ਅਯੋਜਨ ਕੀਤਾ ਗਿਆ।ਉਨ੍ਹਾ ਦੱਸਿਆ ਕਿ ਇਹ ਰੈਵੇਨਿਊ ਕੈਂਪ ਤਹਿਸੀਲ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੋਂ ਇਲਾਵਾ ਸਬ ਤਹਿਸੀਲ ਬਰੀਵਾਲਾ, ਲੱਖੇਵਾਲੀ, ਦੋਦਾ ਤੇ ਲੰਬੀ ਵਿਖੇ ਲਗਾਏ ਗਏ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦੌਰਾਨ ਸੈਂਕੜੇ ਲੋਕਾਂ ਨੇ ਅਪਣੇ ਲੰਬਿਤ ਪਏ ਇੰਤਕਾਲ ਦਰਜ ਕਰਵਾਉਣ ਦੀ ਸੇਵਾ ਦਾ ਲਾਭ ਲਿਆ।ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਕੈਂਪਾਂ ਵਿੱਚ ਪਹੁੰਚੇ ਲੋਕਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚ ਖੱਜਲ ਖੁਆਰੀ ਤੋਂ ਬਚਾਉਣ ਲਈ ਅਜਿਹੇ ਲੋਕ ਪੱਖੀ ਕੈਂਪ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਤਹਿਤ ਭਵਿੱਖ ਵਿੱਚ ਵੀ ਲਗਾਏ ਜਾਣਗੇ।

ਗੁ: ਘੋੜਿਆਂ ਵਾਲਾ ਸਾਹਿਬ ਵਿਖੇ ਸਜਾਇਆ ਵਿਸ਼ਾਲ ਨਗਰ ਕੀਰਤਨ

ਨਾਭਾ (ਵਰਿੰਦਰ ਵਰਮਾ)

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਨਗਾਰਚੀ ਬਾਬਾ ਅਜਾਪਾਲ ਸਿੰਘ ਦੇ ਪਾਵਨ ਤਪ ਅਸਥਾਨ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾਭੇ ਦੇ ਇਲਾਕੇ ਦੀਆਂ ਸਮੁੱਚੀਆਂ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜਥੇਬੰਦੀਆਂ ਦੇ ਸਹਿਯੋਗ ਸਦਕਾ ਗੁਰੂ ਗੋਬਿੰਦ ਸਿੰਘ ਜੀ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਨਿਸ਼ਾਨਾ ਧੌਂਸਿਆ ਨਗਾਰਿਆਂ ਨਰਸਿੰਘਿਆਂ ਦੀਆਂ ਅਲੌਕਿਕ ਧੁਨਾਂ ਰਾਹੀ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਬੈਂਡ ਪਾਰਟੀਆਂ ਗੱਤਕਾ ਪਾਰਟੀਆਂ ਘੋੜ ਸਵਾਰਾਂ ਤੇ ਵੱਡੀ ਗਿਣਤੀ ਵਿੱਚ ਕਾਰਾਂ, ਜੀਪਾਂ, ਟਰੈਕਟਰ-ਟਰਾਲੀਆਂ ਦੇ ਵਿ

16-JAN-PAGE-8.qxd 1/15/2024 10:31 PM Page 1

ਅਲਗੋਮਾ 'ਵਰਸਿਟੀ (ਕੈਨੇਡਾ) ਦੇ ਵਿਦਿਆਰਥੀਆਂ ਦਾ ਪੱਕਾ ਧਰਨਾ ਜਾਰੀ

ਚੰਡੀਗੜ੍ਹ (ਗੁਰਜੀਤ ਬਿੱਲਾ) ਅਲਗੋਮਾ ਯੂਨੀਵਰਸਿਟੀ ਬਰੈਂਪਟਨ (ਟੋਰੋਂਟੋ)ਦੇ ਅੰਤਰਰਾਸ਼ਟਰੀ ਵਿਦਿਆਰਥੀ ਪਿਛਲੇ 12 ਦਿਨਾਂ ਤੋਂ ਕੜਾਕੇ ਦੀ ਠੰਢ 'ਚ ਯੂਨੀਵਰਸਿਟੀ ਖਿਲਾਫ ਦਿਨ ਰਾਤ ਦੇ ਰੋਸ ਧਰਨੇ 'ਤੇ ਯੂਨੀਵਰਸਿਟੀ ਦੇ ਬਾਹਰ ਟੈਂਟ ਲੱਗਾ ਕੇ ਬੈਠੇ ਹੋਏ ਨੇ ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕੇ ਇਹ ਯੂਨੀਵਰਸਿਟੀ ਇੱਕ ਹੀ ਕਲਾਸ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਕਿਸੇ ਇੱਕ ਵਿਸ਼ੇ 'ਚੋਂ ਫੇਲ੍ਹ ਕੀਤਾ ਹੈ ਜਦਕਿ ਬਾਕੀ ਵਿਸ਼ਿਆਂ 'ਚੋਂ ਉਹ ਚੰਗੇ ਨੰਬਰ ਲੈ ਕੇ ਪਾਸ ਨੇ।ਇਸ ਮੌਕੇ ਪੀ ਐੱਸ ਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਅਤੇ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਨੇ ਕਿਹਾ ਕਿ ਯੂਨੀਵਰਸਿਟੀ ਦਾ ਮਕਸਦ ਸਿਰਫ।ਡਾਲਰ ਇਕੱਠੇ ਕਰਨਾ ਹੈ।ਇਕ ਪਾਸੇ ਵਿਦਿਆਰਥੀ ਪੰਜਾਬ 'ਚੋਂ ਸਭ ਕੁਝ ਦਾਅ 'ਤੇ ਲਗਾ ਲੱਖਾਂ ਰੁਪਏ ਦੇ ਕਰਜ਼ੇ ਲੈ ਕੇ ਆਪਣੇ ਸੁਨਹਿਰੀ ਭਵਿੱਖ ਦੀ ਤਲਾਸ਼ ਲਈ ਪ੍ਰਵਾਸ ਕਰਦੇ ਹਨ, ਪਰ ਉੱਥੇ ਵੀ ਉਨ੍ਹਾਂ ਦੀ ਆਰਥਿਕ ਲੁੱਟ ਕੀਤੀ ਜਾ ਰਹੀ ਹੈ ਇਥੋਂ ਦੀਆਂ ਸਰਕਾਰਾਂ ਦਾ ਵੀ ਵੱਡਾ ਦੋਸ਼ ਹੈ ਜੋ ਰੁਜ਼ਗਾਰ ਦੇ ਮੌਕੇ ਪੈਦਾ ਕਰਨ 'ਚ ਨਾਕਾਮਯਾਬ ਰਹੀਆਂ ਹਨ। ਨੌਜਵਾਨ ਸੁਪੋਰਟ ਨੈੱਟਵਰਕ ਜਥੇਬੰਦੀ ਜੋ ਕੇ ਟੋਰੋਂਟੋ ਦੇ ਇਲਾਕੇ ਵਿੱਚ ਤਨਖਾਹ ਚੋਰੀ ਅਤੇ ਵਿਦਿਆਰਥੀਆ ਨਾਲ ਹੁੰਦੇ ਹਰ ਤਰ੍ਹਾਂ ਦੇ ਧੱਕੇ ਖਿਲਾਫ ਲੜਦੀ ਹੈ ਦੇ ਆਗੂਆਂ ਅਵਤਾਰ ਲੋਪੋਂ ਅਤੇ ਅਭੀ ਚੌਹਾਨ ਨੇ ਦੱਸਿਆ ਕੇ ਇਹ ਇੱਕ ਬਹੁਤ ਵੱਡਾ ਧੋਖਾ ਧੜੀ ਹੈ ਜੋ ਕਨੇਡਾ ਦੇ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆ ਵਿੱਚ ਚੱਲ ਰਹੀ ਹੈ, ਜਿਸ ਦਾ ਮਨੋਰਥ ਸਿਰਫ ਡਾਲਰਾਂ ਨਾਲ ਆਪਣੀਆਂ ਜੇਬਾਂ ਭਰਨਾ ਹੈ ਬਹੁਤੇ ਕਾਲਜਾਂ 'ਚ ਲੋੜ ਤੋਂ ਜ਼ਿਆਦਾ ਵਿਦਿਆਰਥੀ ਦਾਖਲ ਕੀਤੇ ਜਾਂਦੇ ਹਨ, ਫਿਰ ਉਨ੍ਹਾਂ ਦੇ ਬੈਠਣ ਲਈ ਪੂਰੀਆਂ ਕਲਾਸਾਂ ਨਹੀਂ ਤਾਂ ਹੀ ਉਨ੍ਹਾਂ ਨੂ ਆਨਲਾਇਨ ਪੜ੍ਹਾਈ ਕਰਵਾਈ ਜਾਂਦੀ, ਪਰ ਦਾਖਲਾ ਦੇਣ ਵੇਲੇ ਕੋਰਸ ਆਫਲਾਇਨ ਦੱਸਿਆ ਜਾਂਦਾ ਹੈ।

ਅਲਗੋਮਾ ਯੂਨੀਵਰਸਿਟੀ ਖਿਲਾਫ ਪਹਿਲੇ ਦੋ ਦਿਨ ਸਿਰਫ ਇੱਕ ਕਲਾਸ ਦੇ ਵਿਦਿਆਰਥੀ ਸਨ, ਪਰ ਹੁਣ ਪੰਜ ਅਲੱਗ ਅਲੱਗ ਕੋਰਸਾਂ ਦੇ ਵਿਦਿਆਰਥੀ ਇਸ ਧਰਨੇ 'ਚ ਸ਼ਾਮਲ ਹੋ ਚੁੱਕੇ ਹਨ ਜਿਨ੍ਹਾ ਦੀਆਂ ਸ਼ਿਕਾਇਤਾ ਬਿਲਕੁੱਲ ਇੱਕੋ ਜਿਹੀਆ ਹਨ।400 ਵਿਦਿਆਰਥੀਆਂ ਨੂੰ ਇੱਕ ਪ੍ਰੋਫੈਸਰ ਪੜ੍ਹਾ ਰਿਹਾ ਉਹ ਵੀ 700 ਕਿਲੋਮੀਟਰ ਦੂਰ ਸ਼ਹਿਰ ਤੋਂ । ਪਹਿਲਾ ਵਿਦਿਆਰਥੀਆਂ ਨੂੰ ਫੇਲ੍ਹ ਕਰਨ ਦਾ ਕਾਰਨ ਨਹੀਂ ਦੱਸਿਆ ਗਿਆ ਜਦੋਂ ਉਹ ਪ੍ਰੋਫੈਸਰ ਨੂੰ ਈ ਮੇਲ ਕਰਦੇ ਨੇ ਤਾਂ ਉਨ੍ਹਾਂ ਨੂੰ ਬਲਾਕ ਕਰ ਦਿੱਤਾ ਜਾਂਦਾ ਹੈ, ਫਿਰ ਰੋਸ ਪ੍ਰਦਰਸ਼ਨ ਸ਼ੁਰੂ ਹੋਣ ਤੋਂ ਬਾਅਦ ਕਈਆਂ ਨੂੰ ਗਰੇਸ ਨੰਬਰ ਦੇ ਕੇ ਪਾਸ ਕਰ ਦਿੱਤਾ ਫਿਰ ਆਪਣੇ ਫੈਸਲੇ ਤੋਂ ਯੂ ਟਰਨ ਮਾਰ ਕੇ ਕਈਆਂ ਨੂੰ ਨਕਲ ਮਾਰਨ ਦਾ ਦੋਸ਼ੀ ਦੱਸ ਕੇ ਫੇਲ੍ਹ ਕਰ ਦਿੱਤਾ।ਅਸਾਇਨਮੈਂਟਸ ਅਤੇ ਟੈਸਟ ਦਾ ਰਿਜ਼ਲਟ ਬਹੁਤ ਲੇਟ ਕੱਢਿਆ ਜਾਂਦਾ ਹੈ ਕਈ ਵਾਰ ਤਾਂ ਪਿਛਲੇ ਸਮੈਸਟਰ ਦਾ ਰਿਜ਼ਲਟ ਅਗਲਾ ਸਮੈਸਟਰ ਸ਼ੁਰੂ ਹੋਣ 'ਤੇ ਕੱਢਿਆ ਜਾਂਦਾ ਹੈ।ਪੀ ਐਸ ਯੂ ਮੰਗ ਕਰਦੀ ਹੈ ਕਿ ਵਿਦਿਆਰਥੀਆਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ

ਆਧੁਨਿਕ ਸਮਾਜ 'ਚ ਔਰਤਾਂ ਦੀ ਭੂਮਿਕਾ ਸਲਾਹੁਣਯੋਗ : ਤਲਵਾੜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਕਦੇ ਲੜਕਿਆਂ ਦੀ ਖੁਸ਼ੀ 'ਚ ਮਨਾਇਆ ਜਾਣ ਵਾਲਾ ਲੋਹੜੀ ਦਾ ਤਿਉਹਾਰ ਅੱਜ ਸਮਾਜ 'ਚ ਜਾਗਰੂਕਤਾ ਕਾਰਨ ਔਰਤਾਂ ਦੇ ਸਨਮਾਨ ਦਾ ਤਿਉਹਾਰ ਬਣ ਚੁੱਕਿਆ ਹੈ। ਅੱਜ ਇੱਕ ਪਾਸੇ ਜਦੋਂ ਬੇਟੀ ਪੜ੍ਹਾਓ ਅਤੇ ਬੇਟੀ ਬਚਾਓ ਦੀ ਗੱਲ ਹੁੰਦੀ ਹੈ ਤਾਂ ਦੂਸਰੇ ਪਾਸੇ ਸਮਾਜ ਅੱਜ ਲੜਕਿਆਂ ਨੂੰ ਸਮਝਾਉਣ ਦੀ ਗੱਲ ਕਰਦਾ ਹੈ ਉਪਰੋਕਤ ਸ਼ਬਦ ਯੂਥ ਡਿਵੈਲਪਮੈਂਟ ਬੋਰਡ ਦੇ ਸਾਬਕਾ ਪ੍ਰਧਾਨ ਸੰਜੀਵ ਤਲਵਾੜ ਅਤੇ ਨੀਤੀ ਤਲਵਾਰ ਦੁਆਰਾ ਕਰਵਾਏ ਗਏ ਲੋਹੜੀ ਮਿਲਣ 2024 ਨੂੰ ਸੰਬੋਧਨ ਕਰਦਿਆਂ ਕਹੇ। ਤਲਵਾੜ ਨੇ ਕਿਹਾ ਕਿ ਯੁੱਗ ਬਦਲਦਿਆਂ ਔਰਤਾਂ ਦੀ ਭੂਮਿਕਾ ਵੀ ਬਦਲਣ ਲੱਗੀ ਹੈ ਪਰ ਘਟੀਆ ਸੋਚ ਕਿਤੇ ਨਾ ਕਿਤੇ ਔਰਤਾਂ ਦੇ ਦੀ ਤਰੱਕੀ 'ਚ ਵਿਘਨ ਪੈਦਾ ਕਰਨ 'ਚ ਸਹਾਇਕ ਹੀ ਰਹੀ, ਪਰ ਜਿਵੇਂ ਜਿਵੇਂ ਸਮਾਜ 'ਚ ਜਾਗਰੂਕਤਾ ਆਉਣੀ ਸ਼ੁਰੂ ਹੋਈ ਔਰਤਾਂ ਦਾ ਕਾਰਜ ਖੇਤਰ ਵੀ ਵੱਧਦਾ ਗਿਆ ਅਤੇ ਔਰਤਾਂ ਦਾ ਸਨਮਾਨ ਵੀ ਵੱਧਦਾ ਗਿਆ। ਅੱਜ ਇੱਥੇ 51 ਕੰਨਿਆ ਦੀਆਂ ਲੋਹੜੀ ਪਾਉਣੀ ਇਸ ਗੱਲ ਦਾ ਸੰਕੇਤ ਹੈ ਕਿ ਔਰਤਾਂ ਕਿਤੇ ਵੀ ਆਦਮੀਆਂ ਨਾਲੋਂ ਘੱਟ ਨਹੀਂ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਸਾਬਕਾ ਕੌਂਸਲਰ ਨੀਤੀ ਤਲਵਾੜ ਨੇ ਕਿਹਾ ਕਿ ਆਧੁਨਿਕ ਸਮਾਜ 'ਚ ਔਰਤਾਂ ਦੀ ਭੂਮਿਕਾ ਬਹੁਤ ਹੀ ਸਲਾਹੁਣਯੋਗ ਰਹੀ ਹੈ ਅਤੇ ਔਰਤਾਂ ਨੇ ਹਰ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ ਉਹਨਾਂ ਨੇ ਕਿਹਾ ਕਿ ਧਰਤੀ ਤੋਂ ਲੈ ਕੇ ਆਕਾਸ ਤੱਕ ਮਹਿਲਾਵਾਂ ਨੇ ਆਪਣਾ ਸਾਮਰਾਜ ਕਾਇਮ ਕੀਤਾ ਹੈ। ਅੱਜ ਧਰਤੀ ਤੇ ਜਨਮ ਲੈਣ ਵਾਲੀ ਹਰ ਕੰਨਿਆ ਦਾ ਪਰਵਾਰ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰਨ ਲੱਗਿਆ ਹੈ ਕਿ ਉਸ ਦੀ ਬੇਟੀ ਬੇਟੇ ਦੇ ਮੁਕਾਬਲੇ ਵਿੱਚ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਇਸ ਮੌਕੇ ਸਾਬਕਾ ਮੰਤਰੀ ਵਿਜੈ ਸਾਂਪਲਾ, ਹਲਕਾ ਇੰਚਾਰਜ ਦਸੂਆ ਸੁਸੀਲ ਪਿੰਕੀ ਨਗਰ ਨਿਗਮ ਵੱਲੋਂ ਸੀਨੀਅਰ ਮੇਅਰ ਪਰਵੀਨ ਸੈਣੀ ਮਾਸਟਰ ਕੁਲਵਿੰਦਰ ਜੰਡਾ ਤੋਂ ਇਲਾਵਾ ਇਲਾਕੇ ਦੇ ਸਮਾਜਿਕ ਅਤੇ ਰਾਜਨੀਤਿਕ ਲੋਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਇਸ ਪ੍ਰੋਗਰਾਮ 'ਚ ਨਵੀਆਂ ਜੰਮੀਆਂ 51 ਲੜਕੀਆਂ ਦੀ ਲੋੜੀ ਦੇ ਨਾਲ ਨਾਲ ਆਸ਼ਾ ਵਰਕਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਜਿੰਪਾ ਨੇ ਲੰਬਿਤ ਇੰਤਕਾਲ ਦਰਜ ਕਰਨ ਲਈ ਲਗਾਏ ਵਿਸ਼ੇਸ਼ ਕੈਂਪ ਦਾ ਲਿਆ ਜਾਇਜ਼ਾ

ਨਵਾਂਸ਼ਹਿਰ, (ਮਨੋਜ ਲਾਡੀ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅੰਦਰ ਤਹਿਸੀਲ ਦਫ਼ਤਰ ਬਲਾਚੌਰ ਵਿਖੇ ਪੈਂਡਿੰਗ ਪਏ ਇੰਤਕਾਲ ਦਰਜ ਕਰਨ ਲਈ ਲਗਾਏ ਗਏ ਵਿਸ਼ੇਸ਼ ਕੈਂਪ ਦਾ ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਦੌਰਾ ਕਰਕੇ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਕੈਂਪ ਵਿੱਚ ਹਾਜ਼ਰ ਲੋਕਾਂ ਨਾਲ ਗੱਲਬਾਤ ਕੀਤੀ ਅਤੇ ਇੰਤਕਾਲ ਸਬੰਧੀ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਖੱਜਲ ਖ਼ੁਆਰੀ ਘਟਾਉਣ ਲਈ ਵਚਨਬੱਧ ਹੈ ਅਤੇ ਹਰ ਸੰਭਵ ਉਪਰਾਲੇ ਲਗਾਤਾਰ ਕੀਤੇ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ 'ਤੇ ਵਿਧਾਇਕ ਸੰਤੋਸ਼ ਕਟਾਰੀਆ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸਤਨਾਮ ਸਿੰਘ ਜਲਾਲਪੁਰ ਅਤੇ ਤਹਿਸੀਲਦਾਰ ਬਲਾਚੌਰ ਵੀ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਮਾਲ ਵਿਭਾਗ ਦੀ ਕਾਰਗੁਜ਼ਾਰੀ ਨੂੰ ਪਾਰਦਰਸ਼ੀ, ਖੱਜਲ-ਖ਼ੁਆਰੀ ਰਹਿਤ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਬਣਾਉਣ ਲਈ ਸਰਕਾਰ ਨੇ ਹੈਲਪ ਲਾਈਨ ਨੰਬਰ ਜਾਰੀ ਕੀਤਾ ਹੋਇਆ ਹੈ। ਮਾਲ ਵਿਭਾਗ ਵਿਚ ਵੀ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਇਸ ਸਬੰਧੀ ਹੈਲਪ ਲਾਈਨ ਨੰਬਰ 8184900002 'ਤੇ ਲਿਖਤੀ ਸ਼ਿਕਾਇਤ ਵੱਟਸਐਪ ਕੀਤੀ ਜਾ ਸਕਦੀ ਹੈ । ਐਨ.ਆਰ.ਆਈਜ਼ ਆਪਣੀਆਂ ਲਿਖਤੀ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਸਰਕਾਰ ਪ੍ਰਸ਼ਾਸਨਿਕ ਕੰਮਕਾਜ ਨੂੰ ਸੁਚਾਰੂ ਕਰਨ ਲਈ ਸਾਰਥਕ ਕੋਸ਼ਿਸ਼ਾਂ ਕਰ ਰਹੀ ਹੈ। ਇਸੇ ਤਹਿਤ 43 ਪ੍ਰਸ਼ਾਸਨਿਕ ਸੇਵਾਵਾਂ ਪਹਿਲਾਂ ਹੀ ਲੋਕਾਂ ਦੇ ਘਰਾਂ ਵਿੱਚ ਹੀ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮਾਲ ਵਿਭਾਗ ਦੇ ਸਾਰੇ ਕੰਮਕਾਜ ਨੂੰ ਵੀ ਸੁਚਾਰੂ ਕੀਤਾ ਜਾ ਰਿਹਾ ਹੈ ਤਾਂ ਕਿ ਲੋਕਾਂ ਨੂੰ ਜਾਇਦਾਦਾਂ ਸਬੰਧੀ ਕਿਸੇ ਵੀ ਤਰ੍ਹਾਂ ਦੇ ਝਗੜਿਆਂ ਦਾ ਸਾਹਮਣਾ ਨਾ ਕਰਨਾ ਪਵੇ।

ਸੀਚੇਵਾਲ ਵੱਲੋਂ ਖੇਤਰੀ ਪਾਸਪੋਰਟ ਅਧਿਕਾਰੀ ਨਾਲ ਮੁਲਾਕਾਤ

ਜਲੰਧਰ, (ਰਾਜੇਸ਼ ਥਾਪਾ, ਸੁਰਿੰਦਰ ਕੁਮਾਰ) ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਖੇਤਰੀ ਪਾਸਪੋਰਟ ਅਧਿਕਾਰੀ ਜਲੰਧਰ ਅਨੂਪ ਸਿੰਘ ਨਾਲ ਮੁਲਾਕਾਤ ਕਰਕੇ ਦੁਆਬਾ ਖੇਤਰ ਵਿਚ ਵਿਦੇਸ਼ ਜਾਣ ਨਾਲ ਸਬੰਧਿਤ ਪੁਲਸ ਕਲੀਰੈਂਸ ਸਰਟੀਫਿਕੇਟ (ਪੀ ਸੀ ਸੀ) ਜਲਦ ਜਾਰੀ ਕਰਨ ਲਈ ਵਿਆਪਕ ਪ੍ਰਬੰਧ ਕਰਨ ਲਈ ਕਿਹਾ ਹੈ। ਇੱਥੇ ਖੇਤਰੀ ਪਾਸਪੋਰਟ ਦਫਤਰ ਵਿਖੇ ਮੀਟਿੰਗ ਦੌਰਾਨ ਰਾਜ ਸਭਾ ਮੈਂਬਰ ਨੇ ਕਿਹਾ ਕਿ ਦੁਆਬਾ ਖੇਤਰ ਵਿੱਚ ਵੱਡੀ ਪੱਧਰ 'ਤੇ ਲੋਕ ਵਿਦੇਸ਼ 'ਚ ਵਸਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਆਉਣ-ਜਾਣ ਲਈ ਅਨੇਕਾਂ ਮਾਮਲਿਆਂ ਵਿਚ ਪੀ.ਸੀ.ਸੀ. ਦੀ ਲੋੜ ਪੈਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਪ੍ਰਕ੍ਰਿਆ ਦੇ ਬਹੁਤ ਲੰਮੀ ਤੇ ਉਲਝਣ ਵਾਲੀ ਹੋਣ ਕਾਰਨ ਲੋਕਾਂ ਨੂੰ ਵੱਡੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸਨੂੰ ਖੇਤਰੀ ਪਾਸਪੋਰਟ ਦਫਤਰ ਤੇ ਬਾਕੀ ਸਬੰਧਿਤ ਵਿਭਾਗ ਮਿਲਕੇ ਦੂਰ ਕਰ ਸਕਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਧੋਖੇਬਾਜ ਏਜੰਟਾਂ ਦੇ ਧੱਕੇ ਚੜ੍ਹਕੇ ਵਿਦੇਸ਼ਾਂ 'ਚ ਫਸੇ ਲੜਕੇ ਤੇ ਵਿਸ਼ੇਸ਼ ਕਰਕੇ ਲੜਕੀਆਂ ਦੀ ਵਤਨ ਵਾਪਸੀ ਲਈ ਵੀ ਪਾਸਪੋਰਟ ਦਫਤਰ ਨੂੰ ਹੋਰ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਪਾਸਪੋਰਟ ਬਣਵਾਉਣ ਲਈ ਪਾਸਪੋਰਟ ਸੇਵਾ ਕੇਂਦਰਾਂ ਵਿਖੇ ਸਮਾਂ ਲੈਣ ਲਈ ਮਹੀਨੇ ਦੇ ਲਗਭਗ ਲੱਗਣ ਵਾਲੇ ਸਮੇਂ ਨੂੰ ਵੀ ਘੱਟ ਕਰਨ ਲਈ ਯਤਨ ਕਰਨ ਲਈ ਕਿਹਾ ਤਾਂ ਜੋ ਬਿਨੈਕਾਰਾਂ ਨੂੰ ਜਲਦ ਪਾਸਪੋਰਟ ਜਾਰੀ ਹੋ ਸਕੇ।

6ਵੀਂ ਕਲਾਸ ਦੇ ਸਲੈਕਸ਼ਨ ਟੈਸਟ ਲਈ ਪ੍ਰੀਖਿਆ ਕੇਂਦਰ ਬਣਾਏ 18 ਸਕੂਲਾਂ 'ਚ 20 ਦੀ ਛੁੱਟੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਜਵਾਹਰ ਨਵੋਦਿਆ ਵਿਦਿਆਲਿਆ ਵਿਚ ਛੇਵੀਂ ਕਲਾਸ ਦੇ ਦਾਖਲੇ ਲਈ ਚੋਣ ਪ੍ਰੀਖਿਆ 20 ਜਨਵਰੀ ਨੂੰ ਜ਼ਿਲ੍ਹੇ ਦੇ 18 ਪ੍ਰੀਖਿਆ ਕੇਂਦਰਾਂ ਵਿਚ ਕਰਵਾਈ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਕੋਮਲ ਮਿੱਤਲ ਨੇ 20 ਜਨਵਰੀ ਨੂੰ ਪ੍ਰੀਖਿਆ ਵਾਲੇ ਦਿਨ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਦਾ ਪ੍ਰਯੋਗ ਕਰਦੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੀ ਹੱਦ ਅੰਦਰ ਪ੍ਰੀਖਿਆ ਕੇਂਦਰਾਂ ਦੇ ਆਸ-ਪਾਸ 100 ਮੀਟਰ ਦੇ ਘੇਰੇ ਅੰਦਰ 5 ਜਾਂ ਇਸ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਦੇ ਹੁਕਮ ਜਾਰੀ ਕਰ ਦਿੱਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਅਕਸਰ ਦੇਖਣ ਵਿਚ ਆਇਆ ਹੈ ਕਿ ਪ੍ਰੀਖਿਆ ਦੌਰਾਨ ਵਿਦਿਆਰਥੀਆਂ ਦੇ ਰਿਸ਼ਤੇਦਾਰ ਅਤੇ ਹੋਰ ਵਿਅਕਤੀ ਪ੍ਰੀਖਿਆ ਕੇਂਦਰ ਦੇ ਆਸ-ਪਾਸ ਇਕੱਠੇ ਹੋ ਜਾਂਦੇ ਹਨ, ਜਿਸ ਕਾਰਨ ਅਣਸੁਖਾਵੀਂ ਘਟਨਾ ਹੋ ਸਕਦੀ ਹੈ ਅਤੇ ਪ੍ਰੀਖਿਆ ਦੀ ਪਵਿੱਤਰਤਾ ਭੰਗ ਹੁੰਦੀ ਹੈ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪ੍ਰੀਖਿਆ ਨੂੰ ਸ਼ਾਂਤਮਈ ਤੇ ਸੁਚਾਰੂ ਢੰਗ ਨਾਲ ਨਿਪਟਾਉਣ ਲਈ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿਚ ਸੀ ਆਰ ਪੀ ਸੀ ਦੀ ਧਾਰਾ 144 ਲਗਾਈ ਜਾਵੇ। ਇਸ ਤੋਂ ਇਲਾਵਾ ਜਿਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ 20 ਜਨਵਰੀ ਨੂੰ ਇਕ ਦਿਨ ਦੀ ਛੁੱਟੀ ਵੀ ਘੋਸ਼ਿਤ ਕੀਤੀ ਗਈ ਹੈ, ਉਨ੍ਹਾਂ ਵਿੱਚ ਹੁਸ਼ਿਆਰਪੁਰ ਬਲਾਕ-1 ਦੇ ਸੈਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਊਨਾ ਰੋਡ ਹੁਸ਼ਿਆਰਪੁਰ, ਸ੍ਰੀਮਤੀ ਪਾਰਵਤੀ ਆਰਿਆ ਮਹਿਲਾ ਸੀਨੀਅਰ ਸੈਕੰਡਰੀ ਸਕੂਲ ਹੁਸ਼ਿਆਰਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘੰਟਾ ਘਰ ਹੁਸ਼ਿਆਰਪੁਰ, ਹੁਸ਼ਿਆਰਪੁਰ-2 ਬਲਾਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਗੜ੍ਹ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁਆਸਪੁਰ ਹੀਰਾਂ, ਭੂੰਗਾ ਬਲਾਕ ਦੇ ਕਲਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਹਰਿਆਣਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੰਗਾ, ਮਾਹਿਲਪੁਰ ਬਲਾਕ ਦੇ ਦੋਆਬਾ ਪਬਲਿਕ ਸਕੂਲ ਦੋਹਲਰੋਂ, ਗੜ੍ਹਸ਼ੰਕਰ ਬਲਾਕ ਦੇ ਦੋਆਬਾ ਪਬਲਿਕ ਸਕੂਲ ਪਾਰੋਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ, ਟਾਂਡਾ ਬਲਾਕ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਉੜਮੁੜ (ਲੜਕੇ), ਦਸੂਹਾ ਬਲਾਕ ਦੇ ਲਿਟਲ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਦਸੂਹਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਸੂਹਾ, ਮੁਕੇਰੀਆਂ ਬਲਾਕ ਦੇ ਦਸਮੇਸ਼ ਪਬਲਿਕ ਸਕੂਲ ਚੱਕ ਅੱਲਾ ਬਖਸ਼, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕੇਰੀਆਂ, ਹਾਜ਼ੀਪੁਰ ਬਲਾਕ ਦੇ ਸਰਕਾਰੀ

16-JAN-PAGE-9.qxd 1/15/2024 10:30 PM Page 1

ਮਾਘੀ ਸਮਾਗਮ ਚ ਸ਼ਾਮਲ ਹੋਏ ਜੋਗਿੰਦਰ ਮਾਨ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਅੱਜ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਰ ਸੱਚਖੰਡ ਚੱਕ ਹਕੀਮ ਜੀ ਟੀ ਰੋਡ ਫਗਵਾੜਾ ਵਿਖੇ ਕਰਵਾਏ ਮਾਘੀ ਸਮਾਗਮ 'ਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਪ੍ਰਤਿਮਾ ਅੱਗੇ ਨਤਮਸਤਕ ਹੋਣ ਉਪਰੰਤ ਸਮੂਹ ਸੰਗਤ ਨੂੰ ਮਕਰ ਸੰਕ੍ਰਾਂਤੀ ਦੀ ਵਧਾਈ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਮਾਘੀ ਦਾ ਇਤਿਹਾਸ ਦਸਮੀ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਲੀ ਮੁਕਤਿਆਂ ਦੀ ਮਹਾਨ ਸ਼ਹਾਦਤ ਨਾਲ ਵੀ ਜੁੜਿਆ ਹੋਇਆ ਹੈ। ਜਿਨ੍ਹਾਂ ਨੇ ਧਰਮ ਦੀ ਖਾਤਰ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਵਰਗੀ ਬੁਰਾਈ ਤੋਂ ਦੂਰ ਰਹਿਣ ਅਤੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਹਮੇਸ਼ਾ ਤਤਪਰ ਰਹਿਣ ਦੀ ਪੁਰਜ਼ੋਰ ਅਪੀਲ ਵੀ ਕੀਤੀ। ਇਸ ਦੌਰਾਨ ਨਵੇਂ ਸਾਲ ਦਾ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਜੋਗਿੰਦਰ ਸਿੰਘ ਮਾਨ ਅਤੇ ਹੋਰਨਾਂ ਪਤਵੰਤਿਆਂ ਨੂੰ ਮੰਦਰ ਦੇ ਮਹੰਤ ਪੁਰਸ਼ੋਤਮ ਲਾਲ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਵਰੁਣ ਬੰਗੜ ਚੱਕ ਹਕੀਮ, ਰਵੀ ਕੁਮਾਰ ਮੰਤਰੀ, ਪਿੰਡ ਦੇ ਸਰਪੰਚ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਫਗਵਾੜਾ ਦੇ ਪੇਂਡੂ ਇਲਾਕਿਆਂ ਚ ਸਾਰਾ ਦਿਨ ਗੂੰਜਦੇ ਰਹੇ ਸੁੰਦਰ ਮੁੰਦਰੀਏ ਦੇ ਬੋਲ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਲੋਹੜੀ ਦਾ ਪਵਿੱਤਰ ਤਿਉਹਾਰ ਫਗਵਾੜਾ ਦੇ ਪੇਂਡੂ ਇਲਾਕਿਆਂ 'ਚ ਹਰ ਸਾਲ ਦੀ ਤਰ੍ਹਾਂ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਹੱਡ ਚੀਰਵੀਂ ਠੰਢ ਤੋਂ ਬੇਪਰਵਾਹ ਛੋਟਿਆਂ ਬੱਚਿਆਂ ਤੋਂ ਲੈ ਕੇ ਨੌਜਵਾਨਾਂ ਵਿਚ ਲੋਹੜੀ ਮੰਗਣ ਦਾ ਉਤਸ਼ਾਹ ਪੂਰੇ ਸਿਖਰਾਂ 'ਤੇ ਨਜ਼ਰ ਆਇਆ। ਹਰ ਗਲੀ ਮੁਹੱਲੇ 'ਚ 'ਸੁੰਦਰ ਮੁੰਦਰੀਏ ਹੋ' ਦੇ ਬੋਲ ਗੂੰਜਦੇ ਰਹੇ। ਸ਼ਾਮ ਨੂੰ ਲੋਕਾਂ ਨੇ ਚਾਵਾਂ ਨਾਲ ਲੋਹੜੀ ਦੀ ਧੂਣੀ ਜਲਾਈ ਅਤੇ ਧਾਰਮਿਕ ਰਸਮਾਂ ਪੂਰੀਆਂ ਕੀਤੀਆਂ। ਜਿਨ੍ਹਾਂ ਘਰਾਂ ਵਿਚ ਲੜਕਿਆਂ ਦਾ ਵਿਆਹ ਹੋਇਆ ਸੀ ਜਾਂ ਨਵਜਾਤ ਬੱਚਿਆਂ ਜਨਮ ਹੋਇਆ ਸੀ, ਉਨ੍ਹਾਂ ਘਰਾਂ 'ਚ ਵਿਆਹ ਵਰਗੀ ਰੌਣਕ ਦਿਖਾਈ ਦਿੱਤੀ। ਢੋਲ ਦੇ ਡੱਗੇ ਅਤੇ ਡੀ.ਜੇ. ਦੀ ਧੁਨ 'ਤੇ ਖੂਬ ਭੰਗੜੇ ਪਾਏ ਗਏ। ਔਰਤਾਂ ਨੇ ਗਿੱਧਾ ਤੇ ਬੋਲੀਆਂ ਪਾ ਕੇ ਆਪਣਾ ਮਨਪ੍ਰਚਾਵਾ ਕੀਤਾ। ਇਸ ਦੌਰਾਨ ਮੂੰਗਫਲੀ, ਰਿਓੜੀਆਂ, ਗੱਚਕ ਤੋਂ ਇਲਾਵਾ ਮਿਠਾਈਆਂ ਦਾ ਆਦਾਨ-ਪ੍ਰਦਾਨ ਵੀ ਕੀਤਾ ਗਿਆ।

ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਨਗਰ ਕੀਰਤਨ ਅੱਜ

ਮੋਹਾਲੀ (ਗੁਰਜੀਤ ਬਿੱਲਾ) ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪ੍ਰਕਾਸ਼ ਪੁਰਬ 17 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਏ ਜਾਣਗੇ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ 17 ਜਨਵਰੀ ਨੂੰ ਸਵੇਰੇ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜਥੇ, ਇੰਟਰਨੈਸ਼ਨਲ ਢਾਡੀ ਜੱਥੇ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ 16 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਵੇਰੇ 11 ਵਜੇ ਗੁਰਦੁਆਰਾ ਸਿੰਘ ਸ਼ਹੀਦਾਂ ਤੋਂ ਅਰੰਭ ਹੋਵੇਗਾ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

ਮੋਹਾਲੀ (ਗੁਰਜੀਤ ਬਿੱਲਾ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਡਲ ਕੈਰੀਅਰ ਸੈਂਟਰ, ਐੱਸ ਏ ਐੱਸ ਨਗਰ, ਵੱਲੋਂ ਪੋਟ੍ਰਾਕ ਸੋਲੂਸ਼ਨਜ, ਬੀ ਐਸ ਸੀ ਜੇ ਇੰਟਰਪ੍ਰਾਇਸਿਸ, ਹਲਦੀਰਾਮ, ਬਲੂ ਵਰਸ, ਗੋਦਰੇਜ ਐਪਲੀਐਂਸ, ਕੋਨੈਕਟ ਬਰੋਡ ਬੈਂਡ, ਹਮੀਏਸਟ (ਟੈਲੀ ਪ੍ਰਫਾਰਮਸ) ਅਤੇ ਗਲੋਬ ਟੋਇਟਾ ਆਦਿ ਲਈ 16 ਜਨਵਰੀ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਜਿਸ 'ਚ ਉਕਤ ਸਾਰੀਆਂ ਕੰਪਨੀਆਂ ਦੀ ਐੱਚ ਆਰ ਟੀਮ ਦੁਆਰਾ ਸਵੇਰੇ 10.00 ਵਜੇ ਤੋਂ 1.00 ਵਜੇ ਤੱਕ ਉਮੀਦਵਾਰਾਂ ਦੀ ਵਾਕਿਨ ਇੰਟਰਵਿਊ ਕੀਤੀ ਜਾਵੇਗੀ। ਉਕਤ ਪਲੇਸਮੈਂਟ ਕੈਂਪ 'ਚ 18 ਸਾਲ ਤੋਂ ਵੱਧ ਉਮਰ ਦੇ ਉਮੀਦਵਾਰ ਜੋ 10 ਵੀਂ/12ਵੀਂ/ਆਈ ਟੀ ਆਈ ਅਤੇ ਗ੍ਰੈਜੂਏਟ ਹੋਣ ਭਾਗ ਲੈ ਸਕਦੇ ਹਨ। ਡਿਪਟੀ ਡਾਇਰੈਕਟਰ, ਡੀ ਬੀ ਈ ਈ ਹਰਪ੍ਰੀਤ ਸਿੰਘ ਮਾਨਸਾਹੀਆ ਨੇ ਦੱਸਿਆ ਕਿ ਡੀ ਬੀ ਈ ਈ ਵੱਲੋਂ ਮਹੀਨੇ ਦੇ ਹਰ ਵੀਰਵਾਰ ਨੂੰ ਰੋਜ਼ਗਾਰ ਦਫਤਰ ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ। ਚਾਹਵਾਨ ਉਮੀਦਵਾਰ ਆਈ ਸੀ ਆਈ ਸੀ ਆਈ ਅਕੈਡਮੀ, ਪਾਲੀਟੈਕਨਿਕ ਕਾਲਜ ਖੂਨੀ ਮਾਜਰਾ (ਖਰੜ) ਵਿਖੇ ਸਵੇਰੇ 10.00 ਵਜੇ ਆਪਣੇ ਦਸਤਾਵੇਜ ਅਤੇ ਰਿਜ਼ਿਊਮ ਲੈ ਕੇ ਪਹੁੰਚਣ।

ਤੇਹਿੰਗ ਦਾ ਸਾਲਾਨਾ ਛਿੰਝ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ

ਫਿਲੌਰ (ਨਿਰਮਲ) ਨਜਦੀਕੀ ਪਿੰਡ ਤੇਹਿੰਗ ਵਿਖੇ ਛਿੰਝ ਮੇਲਾ ਪ੍ਰਬੰਧਕ ਕਮੇਟੀ ਗ੍ਰਾਮ ਪੰਚਾਇਤ ਸਮੂਹ ਨਗਰ ਨਿਵਾਸੀ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪੰਜਾਬ ਦੇ ਕੋਨੇ ਕੋਨੇ ਤੋਂ ਪਹਿਲਵਾਨਾਂ ਨੇ ਭਾਗ ਲੈ ਕੇ ਕੁਸ਼ਤੀਆਂ ਦੇ ਜੌਹਰ ਵਿਖਾਏ। ਪ੍ਰਬੰਧਕਾਂ ਵੱਲੋਂ ਜੇਤੂ ਪਹਿਲਵਾਨਾਂ ਨੂੰ ਯਾਦਗਾਰੀ ਚਿੰਨ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਕੁਮੈਂਟੇਟਰ ਦੀ ਭੂਮਿਕਾ ਕਰਮਦੀਨ ਚੱਕ ਸਾਬੂ ਨੇ ਨਿਭਾਈ। ਪ੍ਰਬੰਧਕ ਕਮੇਟੀ ਤੇ ਸਤਪਾਲ ਸਿੰਘ ਜੌਹਲ ਸਰਪੰਚ ਬਲਬੀਰ ਸਿੰਘ ਤੇਹਿੰਗ, ਪਿੰਡ ਵਾਸੀਆਂ ਨੇ ਛਿੰਝ ਮੇਲੇ ਵਿੱਚ ਯੋਗਦਾਨ ਪਾਉਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਨਸ਼ੇ ਦੇ ਖਾਤਮੇ ਲਈ ਪਿੰਡ ਪਿੰਡ ਖੇਡ ਮੇਲੇ ਤੇ ਛਿੰਝ ਮੇਲੇ ਕਰਵਾਏ ਜਾਣ। ਇਸ ਮੌਕੇ ਬਲਵਿੰਦਰ ਸਿੰਘ ਮਹਾਲੋਂ, ਗੁਰਦੇਵ ਸਿੰਘ ਦੇਬੀ, ਕੁਲਦੀਪ ਸਿੰਘ ਕੰਗ, ਕੁਲਦੀਪ ਸਿੰਘ ਢੇਸੀ, ਸੁਲੱਖਣ ਸਿੰਘ ਲੰਬੜ ਤੇਹਿੰਗ, ਮਨੀ ਸਹੋਤਾ ਆਦਿ ਹਾਜਰ ਸਨ।

ਗੁਰੂ ਨਾਨਕ ਖਾਲਸਾ ਕਾਲਜ 'ਚ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ

ਸੁਲਤਾਨਪੁਰ ਲੋਧੀ, (ਹਨੀ)- ਗੁਰੂ ਨਾਨਕ ਖਾਲਸਾ ਕਾਲਜ ਵਿਖੇ ਰੈੱਡ ਰੀਬਨ ਕਲੱਬ ਵੱਲੋਂ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ ਗਿਆ।ਇਸ ਦੌਰਾਨ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਵੱਲੋਂ ਨੌਜਵਾਨਾਂ ਨੂੰ ਆਪਣੀ ਸ਼ਕਤੀ ਦੀ ਪਹਿਚਾਣ ਕਰਨ ਅਤੇ ਸ਼ਕਤੀ ਦਾ ਸਦਉਪਯੋਗ ਕਰਨ ਹਿੱਤ ਅਤੇ ਇਸ ਸ਼ਕਤੀ ਦਾ ਗਲਤ ਪ੍ਰਯੋਗ ਹੋਣ ਤੇ ਇਸ ਦੇ ਮਾਰੂ ਪ੍ਰਭਾਵਾਂ ਤੋਂ ਨੌਜਵਾਨਾਂ ਨੂੰ ਚੇਤੰਨ ਵੀ ਕੀਤਾ ਗਿਆ।ਇਸ ਮੌਕੇ ਰੈੱਡ ਰੀਬਨ ਕਲੱਬ ਦੇ ਪ੍ਰੋਗਰਾਮ ਅਫ਼ਸਰ ਡਾ. ਮਨੀ ਛਾਬੜਾ ਨੇ ਇੰਟਰਨੈਸ਼ਨਲ ਯੂਥ ਡੇਅ ਦੇ ਥੀਮ੍ਹ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਪ੍ਰੋ. ਹਰਪ੍ਰੀਤ ਸਿੰਘ ਨੇ ਸਹੁੰ ਚੁਕਾਈ। ਇਸ ਮੌਕੇ ਪ੍ਰੋ. ਰਾਜਦੀਪ ਕੌਰ ਜੋਸਨ, ਸੁਖਪਾਲ ਸਿੰਘ, ਰਾਜਪ੍ਰੀਤ ਕੌਰ, ਜੁਗਰਾਜ ਸਿੰਘ, ਸਿਮਰਜੀਤ ਕੌਰ, ਅਰਸ਼ਪ੍ਰੀਤ ਕੌਰ, ਮਨਮੀਤ ਕੌਰ, ਨਿਵਿਆ ਸ਼ਰਮਾ, ਹਰਦੀਸ਼ ਕੌਰ, ਜਸਪ੍ਰੀਤ ਕੌਰ, ਕੋਮਲਪ੍ਰੀਤ ਕੌਰ, ਹਰਪ੍ਰੀਤ ਸਿੰਘ, ਸਰਬਜੀਤ ਕੌਰ, ਹਰਿਦਰ ਕੌਰ, ਅਮਨਦੀਪ ਕੌਰ, ਹਰਜਾਪ ਸਿੰਘ, ਜਸਵੀਰ ਕੌਰ, ਪ੍ਰੋ. ਸੰਦੀਪ ਕੌਰ, ਰਿਸ਼ੂ ਬਾਲਾ, ਅਮਰੀਕ ਸਿੰਘ, ਨਵਨੀਤ ਕੌਰ, ਅਮਨਦੀਪ ਕੌਰ, ਕਮਲਜੀਤ ਕੌਰ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

ਨੰਬਰਦਾਰ ਯੂਨੀਅਨ ਤੇ ਲਾਇਨਜ਼ ਕਲੱਬ ਵੱਲੋਂ ਸਾਂਝੇ ਤੌਰ 'ਤੇ ਲੋਹੜੀ ਦਾ ਤਿਉਹਾਰ ਮਨਾਇਆ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਨਿਰਮਾਣ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਬਿਲਡਿੰਗ ਦੇ ਬਾਹਰ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਅਤੇ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਸੋਮਿਨਾ ਸੰਧੂ ਵੱਲੋਂ ਸਾਂਝੇ ਤੌਰ 'ਤੇ ਲੋਹੜੀ ਦਾ ਤਿਉਹਾਰ ਬੜੇ ਸ਼ਰਧਾ ਭਾਵ ਨਾਲ ਮਨਾਇਆ ਗਿਆ।ਲੜਕੀਆਂ ਦੇ ਰੁਤਬੇ ਨੂੰ ਅਹਿਮੀਅਤ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾ ਕਥਨ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੇ ਮਹਾ ਵਾਕ ਨੂੰ ਮਹਾਨਤਾ ਦਿੰਦੇ ਹੋਏ ਯੂਨੀਅਨ ਦੇ ਸਮੂਹ ਨੰਬਰਦਾਰ ਸਾਹਿਬਾਨਾਂ ਨੇ ਲੋਹੜੀ ਦੀ ਧੂਣੀ ਨੂੰ ਅਗਨੀ ਭੇਟ ਕਰਨ ਦੀ ਰਸਮ ਨੰਨ੍ਹੀ ਪਰੀ ਗੁਰਫ਼ਾਇਆ ਸੋਖਲ ਪਾਸੋਂ ਅਦਾ ਕਰਵਾਕੇ ਲੋਕਾਂ ਨੂੰ ਧੀਆਂ ਦੀਆਂ ਲੋਹੜੀ ਚਾਵਾਂ ਸੱਧਰਾਂ ਨਾਲ ਮਨਾਉਣ ਦਾ ਸੁਨੇਹਾ ਦਿੱਤਾ।ਇਸ ਮੌਕੇ ਰੇਵੜੀਆਂ, ਮੂੰਗਫਲੀ, ਮਿੱਠੀਆਈ, ਚਾਹ ਆਦਿ ਦੀ ਸੇਵਾ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਵੱਲੋਂ ਨਿਭਾਈ ਗਈ।ਲੋਹੜੀ ਦੀ ਰਸਮ ਉਪਰੰਤ ਯੂਨੀਅਨ ਵੱਲੋਂ ਸਕੂਲ ਪ੍ਰਤੀ ਵਿਸ਼ੇਸ਼ ਮੀਟਿੰਗ ਕੀਤੀ।ਹਲਕਾ ਵਿਧਾਇਕ ਸ਼੍ਰੀਮਤੀ ਇੰਦਰਜੀਤ ਕੌਰ, ਜ਼ਿਲ੍ਹਾ ਪ੍ਰਸ਼ਾਸਨ, ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਕਿ ਜੇਕਰ 20 ਜਨਵਰੀ ਤੱਕ ਉਸਾਰੀ ਅਧੀਨ ਸਰਕਾਰੀ ਸਕੂਲ ਦੀ ਉਸਾਰੀ ਸ਼ੁਰੂ ਜਾਂ ਫਿਰ ਬਣ ਚੁੱਕੀ ਬਿਲਡਿੰਗ 'ਚ ਵੱਡੀਆਂ ਕਲਾਸਾਂ ਸ਼ੁਰੂ ਨਾ ਕੀਤੀਆਂ ਗਈਆਂ ਤਾਂ ਨੰਬਰਦਾਰ ਯੂਨੀਅਨ 26 ਜਨਵਰੀ ਨੂੰ ਨਵੇਂ ਬਣੇ ਮੁਹੱਲਾ ਕਲੀਨਿਕ ਦਾ ਬਾਹਰ ਪ੍ਰਦਰਸ਼ਨ ਕਰੇਗੀ।ਜ਼ਿਲ੍ਹਾ ਪ੍ਰਧਾਨ ਨੇ ਕਿਹਾ ਬੀਤੇ ਸਾਲ 26 ਜਨਵਰੀ ਨੂੰ ਪੁੱਤਲਾ ਫੂਕ ਪ੍ਰਦਰਸ਼ਨ ਦਾ ਪ੍ਰੋਗਰਾਮ ਉਲੀਕਿਆ ਸੀ, ਪਰ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਸਕੂਲ ਬਣਾਉਣ ਦੀ ਜਿੰਮੇਵਾਰੀ ਲੈਣ ਕਾਰਣ ਪੁੱਤਲਾ ਫੂਕ ਪ੍ਰਦਰਸ਼ਨ ਰੋਕ ਦਿੱਤਾ ਗਿਆ ਸੀ।ਅਫਸੋਸ ਦੀ ਗੱਲ ਹੈ ਕਿ ਜਿਸ ਸਰਕਾਰ ਦਾ ਮੁੱਖ ਮੰਤਵ ਵਿੱਦਿਆ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਨਾ ਹੈ ਉਹ ਸਰਕਾਰ ਅਤੇ ਉਸ ਦੇ ਪ੍ਰਤੀਨਿਧੀ ਨੂਰਮਹਿਲ ਵਿੱਚ ਸੌ ਫੀਸਦੀ ਫੇਲ੍ਹ ਹਨ। ਸੰਧੂ ਨੇ ਕਿਹਾ ਕਿ ਸਰਕਾਰੀ ਹਸਪਤਾਲ ਤਾਂ ਚੱਜ ਨਾਲ ਚਲ ਨਹੀਂ ਰਿਹਾ ਦੂਜੇ ਪਾਸੇ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰਕੇ ਮੁਹੱਲਾ ਕਲੀਨਿਕ ਮੜ੍ਹਿਆ ਜਾ ਰਿਹਾ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਕਲੱਬ ਪ੍ਰਧਾਨ ਨੂਰਮਹਿਲ ਡ੍ਰੀਮ ਲਾਇਨ ਸੋਮਿਨਾ ਸੰਧੂ, ਪੀ ਆਰ ਓ ਲਾਇਨ ਦਿਨਕਰ ਸੰਧੂ, ਸੈਕਿੰਡ ਮੀਤ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ, ਜ਼ਿਲ੍ਹਾ ਸਕੱਤਰ ਜਨਰਲ ਸੁਰਿੰਦਰ ਸਿੰਘ ਬੁਰਜ ਕੇਲਾ, ਪ੍ਰੈਸ ਸਕੱਤਰ ਤਰਸੇਮ ਲਾਲ ਉੱਪਲ ਖਾਲਸਾ, ਪੀ ਆਰ ਓ ਜਗਨ ਨਾਥ ਚਾਹਲ, ਗੋਰਾਇਆ ਤੋਂ ਅਨਿਲ ਕੁਮਾਰ ਘੁੜਕਾ, ਜ਼ੋਨ ਇੰਚਾਰਜ ਜਸਵੰਤ ਸਿੰਘ ਜੰਡਿਆਲਾ, ਗੁਰਦੇਵ ਚੰਦ ਭੱਲੋਵਾਲ, ਅਵਤਾਰ ਸਿੰਘ ਕੰਦੋਲਾ ਕਲਾਂ, ਸ਼ੀਤਲ ਦਾਸ ਬੈਂਸ ਰਾਜੋਵਾਲ, ਓਮ ਪ੍ਰਕਾਸ਼ ਬਹਾਦਰ ਪੁਰ, ਆਤਮਾ ਰਾਮ ਭੰਡਾਲ ਬੂਟਾ, ਮਹਿੰਦਰ ਸਿੰਘ ਧਨੀ ਪਿੰਡ, ਹਰਭਜਨ ਸਿੰਘ ਭੰਡਾਲ ਬੂਟਾ, ਸ਼ਰਨਜੀਤ ਸਿੰਘ ਧਨੀ ਪਿੰਡ, ਅਜੀਤ ਰਾਮ ਤਲਵਣ, ਜਰਨੈਲ ਸਿੰਘ ਗਦਰਾ, ਸਰਪੰਚ ਸਤਨਾਮ ਸਿੰਘ ਹਰਦੋ ਸੰਘਾ, ਬਲਰਾਜ ਸਿੰਘ ਪਬਵਾਂ, ਦਲਜੀਤ ਸਿੰਘ ਭੱਲੋਵਾਲ, ਹਰਜਿੰਦਰ ਕੁਮਾਰ ਤੱਗੜ, ਤੋਂ ਹੋਰ ਪਤਵੰਤੇ ਪੁਰਸ਼ ਔਰਤਾਂ ਹਾਜ਼ਰ ਸਨ।

ਗੁਰਦੁਆਰਾ ਚੌਂਤਾ ਸਾਹਿਬ ਵਿਖੇ ਸ਼ਰਧਾ ਨਾਲ ਮਨਾਈ ਮਾਘ ਮਹੀਨੇ ਦੀ ਸੰਗਰਾਂਦ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਪਿੰਡ ਬਬੇਲੀ ਤਹਿਸੀਲ ਫਗਵਾੜਾ ਵਿਖੇ ਮਾਘੀ ਮਹੀਨੇ ਦੀ ਪਵਿੱਤਰ ਸੰਗਰਾਂਦ ਦਾ ਦਿਹਾੜਾ ਪ੍ਰਬੰਧਕ ਕਮੇਟੀ ਵਲੋਂ ਕਮੇਟੀ ਪ੍ਰਧਾਨ ਬਲਦੇਵ ਸਿੰਘ ਦੀ ਅਗਵਾਈ ਹੇਠ ਇਲਾਕੇ ਭਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹੈਡ ਗ੍ਰੰਥੀ ਭਾਈ ਲਖਵਿੰਦਰ ਸਿੰਘ ਬਬੇਲੀ ਨੇ ਸਰਬੱਤ ਦੇ ਭਲੇ ਅਤੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਉਪਰੰਤ ਢਾਡੀ ਗਿ. ਦਵਿੰਦਰ ਸਿੰਘ ਉੱਦਮੀ ਦੇ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਚਾਲੀ ਮੁਕਤਿਆਂ ਦੇ ਬਹਾਦਰੀ ਦੇ ਪ੍ਰਸੰਗ ਭਰੇ ਇਤਿਹਾਸ ਨਾਲ ਜੋੜਿਆ। ਕਮੇਟੀ ਪ੍ਰਧਾਨ ਬਲਦੇਵ ਸਿੰਘ ਨੇ ਸਮੂਹ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਇਤਿਹਾਸ ਮਹਾਨ ਸ਼ਹਾਦਤਾ

16-JAN-PAGE-10.qxd 1/15/2024 10:21 PM Page 1

75 ਸਾਲਾਂ ਤੋਂ ਜਰਗ ਕਲੋਨੀ ਦੇ ਵਸਨੀਕ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ

■ ਜਲਦ ਹੱਲ ਨਾ ਹੋਇਆ ਤਾਂ ਮਲੇਰਕੋਟਲਾ-ਖੰਨਾ ਰੋਡ ਜਾਮ ਕੀਤਾ ਜਾਵੇਗਾ : ਕਾਲੀ ਪਾਇਲ

ਦੋਰਾਹਾ (ਹਰਮਿੰਦਰ ਸੇਠ)- ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਅਕਾਲੀ, ਕਾਂਗਰਸ, ਝਾੜੂ, ਭਾਜਪਾ ਆਦਿ ਦਲਿਤ ਸਮਾਜ ਨੂੰ ਸਿਰਫ ਵੋਟ ਬੈਂਕ ਹੀ ਸਮਝਦੀਆਂ ਹਨ, ਜਦ ਇਨ੍ਹਾਂ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ, ਇਹ ਵੱਡੀਆਂ ਵੱਡੀਆਂ ਗੱਡੀਆਂ ਲੈ ਕੇ ਅਤੇ ਇਨ੍ਹਾਂ ਦੇ ਘਰਾਂ ਵਿੱਚ ਡੇਰੇ ਲਗਾ ਲੈਂਦੇ ਹਨ, ਜਦੋਂ ਇਨ੍ਹਾਂ ਨੂੰ ਸਹੂਲਤਾਂ ਦੇਣ ਤੇ ਇਨ੍ਹਾਂ ਦੇ ਦੁੱਖ ਸੁੱਖ ਦੀ ਗੱਲ ਆਉਂਦੀ ਹੈ, ਤਾਂ ਉਹ ਇਨ੍ਹਾਂ ਵੱਲ ਝਾਕਦੇ ਵੀ ਨਹੀਂ, ਇਹੋ ਵਰਤਾਰਾ ਪਿੰਡ ਜਰਗ ਦਾ ਹੈ, ਜਿੱਥੇ ਸਿਰਫ 16 ਘਰ ਦੀ ਬਣੀ ਹੋਈ ਦਲਿਤ ਕਲੌਨੀ, ਜੋ ਪਾਣੀ ਦੀ ਨਿਕਾਸੀ ਸੀਵਰੇਜ ਵਾਟਰ ਸਪਲਾਈ ਤੇ ਮੁਢਲੀਆਂ ਸਹੂਲਤਾਂ ਤੋਂ ਵੀ ਵਾਂਝੀ ਹੈ ਅਤੇ ਇੱਥੇ ਦੇ ਬਸ਼ਿੰਦੇ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਫੂਲੇ ਸ਼ਾਹੂ ਅੰਬੇਡਕਰ ਲੋਕ ਜਗਾਓ ਮੰਚ ਦੇ ਆਗੂ ਗੁਰਦੀਪ ਸਿੰਘ ਕਾਲੀ ਵੱਲੋਂ ਪਿੰਡ ਜਰਗ ਦੀ ਇਸ ਕਲੌਨੀ ਵਿੱਚ ਦੌਰਾ ਕਰਨ ਤੋਂ ਬਾਅਦ ਕੀਤਾ। ਕਲੌਨੀ ਦੇ ਔਰਤਾਂ ਤੇ ਮਰਦਾਂ ਭਿੰਦਰ ਕੌਰ, ਹਰਚਰਨ ਸਿੰਘ, ਸਰਬਜੀਤ ਕੌਰ, ਜਸਵੰਤ ਸਿੰਘ, ਅਮਨਦੀਪ ਸਿੰਘ ਕੌਰ, ਰਣਧੀਰ ਸਿੰਘ, ਤੇਜ ਕੌਰ, ਜਸਵੀਰ ਕੌਰ, ਚਰਨਜੀਤ ਕੌਰ, ਭੀਮ ਸਿੰਘ ਆਦਿ ਨੇ ਕਿਹਾ ਕਿ 25 ਸਾਲ ਤੋਂ ਲਗਭਗ ਅਸੀਂ ਇੱਥੇ ਰਹਿ ਰਹੇ ਹਾਂ ਅਤੇ ਪੰਜ ਸਰਕਾਰਾਂ ਬਦਲ ਚੁੱਕੀਆਂ ਹਨ, ਅਸੀਂ ਮੁਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹਾਂ। ਇਸ ਬਸਤੀ ਵਿੱਚ ਸੀਵਰੇਜ ਤਾਂ ਪਾਇਆ ਗਿਆ ਹੈ, ਪ੍ਰੰਤੂ ਇਸ ਦੀ ਕਿਧਰੇ ਵੀ ਨਿਕਾਸੀ ਨਹੀਂ ਕੀਤੀ ਗਈ। ਜੇਕਰ ਅਸੀਂ ਪਿੰਡ ਦੇ ਮੁਹਤਬਰਾਂ ਨਾਲ ਇਸ ਬਾਰੇ ਗੱਲ ਕਰਦੇ ਹਾਂ ਤਾਂ ਉਹ ਸਾਨੂੰ ਬੇਵਕੂਫ ਬਣਾ ਕੇ ਚਲੇ ਜਾਂਦੇ ਹਨ ਕਿ ਥੋੜ੍ਹੇ ਦਿਨਾਂ ਵਿੱਚ ਹੀ ਚਾਲੂ ਕਰ ਦਿਆਂਗੇ। ਵਿਧਾਇਕ ਲਖਬੀਰ ਸਿੰਘ ਲੱਖਾ, ਅਕਾਲੀ ਦਲ ਦੇ ਜਸਪ੍ਰੀਤ ਤੇ ਮੌਜੂਦਾ ਵਿਧਾਇਕ ਮਨਵਿੰਦਰ ਸਿੰਘ ਆਸਪੁਰਾ ਕੋਲ ਵੀ ਇਸ ਸਬੰਧੀ ਗੁਹਾਰ ਲਗਾ ਚੁੱਕੇ ਹਾਂ, ਪ੍ਰੰਤੂ ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਮੌਕੇ ਗੁਰਦੀਪ ਸਿੰਘ ਕਾਲੀ ਤੇ ਜੋਰਾ ਸਿੰਘ ਚੀਮਾ ਨੇ ਕਿਹਾ ਕਿ ਸਮਾਜ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਜਿਨ੍ਹਾਂ ਦੀਆਂ 75 ਸਾਲ ਤੋਂ ਸਰਕਾਰਾਂ ਬਣਾਉਂਦੇ ਆ ਰਹੇ ਹਨ, ਉਹ ਸਿਰਫ ਤੇ ਸਿਰਫ ਤੁਹਾਨੂੰ ਵੋਟ ਦਾ ਹੀ ਇੱਕ ਮੋਹਰਾ ਸਮਝਦੇ ਹਨ, ਤੁਹਾਨੂੰ ਸਹੂਲਤਾਂ ਦੇਣਾ ਉਨ੍ਹਾਂ ਦਾ ਮਕਸਦ ਨਹੀਂ ਹੈ। ਵੋਟਾਂ ਵੇਲੇ ਤੁਹਾਨੂੰ ਜਾਗਰੂਕ ਹੋ ਕੇ ਆਪਣੇ ਬੱਚਿਆਂ ਦੇ ਭਵਿੱਖ ਤੇ ਆਪਣੀਆਂ ਮੁਢਲੀਆਂ ਸਹੂਲਤਾਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਹੀ ਵੋਟਾਂ ਪਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਦਸ ਦਿਨ ਦੇ ਅੰਦਰ ਅੰਦਰ ਇਸ ਸਮੱਸਿਆ ਦਾ ਹੱਲ ਨਾ ਹੋਇਆ ਤਾਂ ਮਲੇਰਕੋਟਲਾ-ਖੰਨਾ ਰੋਡ 'ਤੇ ਧਰਨਾ ਲਗਾ ਕੇ ਰੋਡ ਜਾਮ ਕੀਤਾ ਜਾਵੇਗਾ। ਇਸ ਮੌਕੇ ਗੁਰਜੰਟ ਸਿੰਘ, ਪ੍ਰਿਤਪਾਲ ਕੌਰ, ਕਿਰਪਾਲ ਸਿੰਘ, ਸਤਿਨਾਮ ਕੌਰ, ਬਲਜਿੰਦਰ ਕੌਰ, ਦਿਲਪ੍ਰੀਤ ਸਿੰਘ, ਰਜਿੰਦਰ ਕੌਰ, ਰਾਣੀ, ਜਸਵੰਤ ਸਿੰਘ ਬਿੱਲਾ, ਮਨਪ੍ਰੀਤ ਕੌਰ, ਜਸਪ੍ਰੀਤ ਸਿੰਘ, ਹਰਮੇਸ਼ ਸਿੰਘ, ਕਿਰਨਵੀਰ ਸਿੰਘ, ਮਨਜੀਤ ਸਿੰਘ, ਜੀਤ ਸਿੰਘ ਆਦਿ ਹਾਜ਼ਰ ਸਨ।

ਮੌਤ ਤੋਂ 20 ਦਿਨ ਬਾਅਦ ਅਮਰਜੀਤ ਕੌਰ ਦਾ ਹੋਇਆ ਸਸਕਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਗਾਇਕ ਸਤਵਿੰਦਰ ਬੁੱਗਾ ਤੇ ਉਸ ਦੇ ਸਾਥੀਆਂ ਵਿਰੁੱਧ ਪੁਲਸ ਕੇਸ ਦਰਜ ਹੋਣ ਤੋਂ ਬਾਅਦ ਮ੍ਰਿਤਕਾ ਅਮਰਜੀਤ ਕੌਰ ਦਾ ਅੰਤਿਮ ਸੰਸਕਾਰ ਕਰਨ ਲਈ ਰਾਜ਼ੀ ਹੋਏ ਪਰਿਵਾਰਕ ਮੈਂਬਰਾਂ ਵੱਲੋਂ ਆਖਰ ਅੱਜ 21 ਦਿਨਾਂ ਦੀ ਉਡੀਕ ਤੋਂ ਬਾਅਦ ਪਿੰਡ ਮੁਕਾਰੋਂਪੁਰ ਵਿਖੇ ਉਸ ਦਾ ਅੰਤਮ ਸੰਸਕਾਰ ਕਰ ਦਿੱਤਾ ਗਿਆ।ਜ਼ਿਕਰਯੋਗ ਹੈ ਕਿ ਬੀਤੀ 23 ਦਸੰਬਰ ਨੂੰ ਭੇਦਭਰੇ ਹਾਲਾਤ 'ਚ ਪੰਜਾਬੀ ਗਾਇਕ ਸਤਵਿੰਦਰ ਬੁੱਗਾ ਦੀ ਭਰਜਾਈ ਅਮਰਜੀਤ ਕੌਰ ਦੀ ਹੋਈ ਮੌਤ ਤੋਂ ਬਾਅਦ ਮ੍ਰਿਤਕਾ ਦੇ ਪਤੀ ਦਵਿੰਦਰ ਸਿੰਘ ਉਰਫ ਭੋਲਾ ਨੇ ਆਪਣੀ ਪਤਨੀ ਦੀ ਮੌਤ ਲਈ ਆਪਣੇ ਸਕੇ ਭਰਾ ਸਤਵਿੰਦਰ ਬੁੱਗਾ ਤੇ ਉਸ ਦੇ ਦੋ ਸਾਥੀਆਂ ਨੂੰ ਜ਼ਿੰਮੇਵਾਰ ਦੱਸਦਿਆਂ ਉਨ੍ਹਾਂ 'ਤੇ ਕਈ ਕਿਸਮ ਦੇ ਦੋਸ਼ ਲਗਾਏ ਸਨ।ਦਵਿੰਦਰ ਸਿੰਘ ਭੋਲਾ ਵੱਲੋਂ ਖੇੜਾ ਸਰਕਾਰੀ ਹਸਪਤਾਲ ਦੇ ਡਾਕਟਰ ਤੇ ਪੁਲਸ ਪ੍ਰਸ਼ਾਸਨ 'ਤੇ ਵੀ ਸਤਵਿੰਦਰ ਬੁੱਗਾ ਦੀ ਮੱਦਦ ਕਰਨ ਦੇ ਦੋਸ਼ ਲਗਾਉਂਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇੱਕ ਪਟੀਸ਼ਨ ਦਾਖਲ ਕੀਤੀ ਗਈ ਸੀ, ਜਿਸ ਤੋਂ ਬਾਅਦ ਹਾਈ ਕੋਰਟ ਦੇ ਆਦੇਸ਼ਾਂ 'ਤੇ ਡਾਕਟਰਾਂ ਦੇ ਬੋਰਡ ਵੱਲੋਂ ਬੀਤੇ ਦਿਨੀਂ ਮ੍ਰਿਤਕਾ ਦਾ ਪੋਸਟ ਮਾਰਟਮ ਕੀਤਾ ਗਿਆ, ਜਿਸ ਦੀ ਰਿਪੋਰਟ ਵਿੱਚ ਮ੍ਰਿਤਕਾ ਦੇ ਸਿਰ 'ਚ ਸੱਟ ਲੱਗਣ ਦੀ ਪੁਸ਼ਟੀ ਹੋਣ ਤੋਂ ਬਾਅਦ ਬੀਤੇ ਕੱਲ੍ਹ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਗਾਇਕ ਸਤਵਿੰਦਰ ਬੁੱਗਾ, ਹਜ਼ਾਰਾ ਸਿੰਘ ਤੇ ਹਰਵਿੰਦਰ ਸਿੰਘ ਵਿਰੁੱਧ ਅ/ਧ 304,323,341,506,34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ।ਡੀ.ਐੱਸ.ਪੀ. ਮੋਹਿਤ ਸਿੰਗਲਾ ਨੇ ਦੱਸਿਆ ਕਿ ਦਵਿੰਦਰ ਸਿੰਘ ਉਰਫ ਭੋਲਾ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮੇ 'ਚ ਨਾਮਜ਼ਦ ਕੀਤੇ ਗਏ ਗਾਇਕ ਸਤਵਿੰਦਰ ਬੁੱਗਾ, ਬੁੱਗਾ ਦੇ ਦੋਸਤ ਹਰਵਿੰਦਰ ਸਿੰਘ ਤੇ ਬੁੱਗਾ ਦੇ ਨੌਕਰ ਹਜ਼ਾਰਾ ਸਿੰਘ ਦੀ ਭਾਲ 'ਚ ਪੁਲਸ ਦੀਆਂ ਟੀਮਾਂ ਵੱਲੋਂ ਛਾਪੇਮਾਰੀ ਜਾਰੀ ਹੈ, ਜਿਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਵਾਈ ਐੱਸ ਪਬਲਿਕ ਸਕੂਲ 'ਚ ਲੋਹੜੀ ਮਨਾਈ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)- ਵਾਈ. ਐੱਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ, ਸ੍ਰੀ ਮੁਕਤਸਰ ਸਾਹਿਬ ਵਿਖੇ ਲੋਹੜੀ ਦਾ ਤਿਉਹਾਰ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ।ਇਸ ਮੌਕੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਨੇ ਲੋਹੜੀ ਦੇ ਇਤਹਾਸ ਤੋਂ ਜਾਣੂੰ ਕਰਵਾਇਆ।ਸਕੂਲ ਦੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ ਤੇ ਪ੍ਰਿੰਸੀਪਲ ਬੀਰਪਾਲ ਕੌਰ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੱਤੀ ਅਤੇ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਸੁਖਪਾਲ ਬਰਾੜ ਦੀ ਅਗਵਾਈ 'ਚ ਲੋਹੜੀ ਦਾ ਤਿਉਹਾਰ ਮਨਾਇਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ੍ਰ. ਸੁਖਪਾਲ ਸਿੰਘ ਬਰਾੜ ਦੀ ਅਗਵਾਈ ਵਿੱਚ ਲੋਹੜੀ ਦਾ ਤਿਉਹਾਰ ਧੂੰਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪਹਿਲਾਂ ਲੋਹੜੀ ਬਾਲੀ ਗਈ, ਲੋਹੜੀ ਵੰਡੀ ਗਈ ਅਤੇ ਸ਼ਹਿਰ ਦੀਆਂ ਗਲੀਆਂ ਵਿੱਚ ਜਾਗੋ ਕੱਢੀ ਗਈ। ਜਾਗੋ ਵਿੱਚ ਸ਼ਾਮਲ ਬੀਬੀਆਂ ਨੇ ਲੋਹੜੀ ਦੇ ਦੁਆਲੇ ਬੈਠ ਕੇ ਸਿਰ 'ਤੇ ਗਾਗਰ ਚੱਕ ਕੇ ਲੋਹੜੀ ਨਾਲ ਸੰਬੰਧਤ ਗੀਤ ਗਾਏ, ਬੋਲੀਆਂ ਪਾਈਆਂ ਅਤੇ ਖੂਬ ਆਨੰਦ ਮਾਣਿਆ। ਗੁਰਚਰਨ ਸਿੰਘ ਸੰਧੂ ਨੇ ਆਪਣੇ ਭਾਸ਼ਣ ਵਿੱਚ ਲੋਹੜੀ ਦੀ ਮਹੱਤਤਾ ਬਾਰੇ ਦੱਸਿਆ ਤੇ ਲੋਕਾਂ ਦੀ ਲੰਮੀ ਉਮਰ, ਤੰਦਰੁਸਤੀ, ਖੁਸ਼ਹਾਲੀ ਤੇ ਤਰੱਕੀ ਦੀ ਕਾਮਨਾ ਕੀਤੀ ਅਤੇ ਦੁੱਖ-ਸੁੱਖ ਵਿੱਚ ਲੋਕਾਂ ਦਾ ਸਹਿਯੋਗ ਕਰਨ ਲਈ ਵੀ ਕਿਹਾ। ਲੋਹੜੀ ਸਮੇਂ ਹਾਜ਼ਰ ਮਰਦ, ਔਰਤਾਂ ਤੇ ਬੱਚਿਆਂ ਦੇ ਆਪਸੀ ਸਹਿਯੋਗ ਦੀ ਤਾਰੀਫ ਕੀਤੀ। ਇਸ ਸਮੇਂ ਹਰਮੀਤ ਸਿੰਘ ਮੌੜ ਜ਼ਿਲ੍ਹਾ ਪ੍ਰਧਾਨ ਬੀਜੇਪੀ ਐੱਸ ਸੀ ਮੋਰਚਾ ਸ੍ਰੀ ਮੁਕਤਸਰ ਸਾਹਿਬ, ਪਵਨ ਅਰੋੜਾ, ਹਰਜੀਤ ਕੌਰ, ਬਲਜੀਤ ਕੌਰ, ਬੀਬੀ ਬੱਬੂ, ਬੀਬੀ ਮੇਜੋ, ਮਜ਼ਦੂਰ ਕਿਸਾਨ ਲੋਕ ਲਹਿਰ ਦੇ ਪ੍ਰਧਾਨ, ਸਕੱਤਰ, ਸਾਰੇ ਅਹੁਦੇਦਾਰ, ਮੈਂਬਰ ਸਾਹਿਬਾਨ ਤੇ ਵੱਡੀ ਗਿਣਤੀ ਵਿੱਚ ਮੁਹੱਲਾ ਨਿਵਾਸੀ, ਇਲਾਕਾ ਨਿਵਾਸੀ ਮੌਜੂਦ ਸਨ। ਅਖੀਰ 'ਚ ਸੁਖਪਾਲ ਸਿੰਘ ਬਰਾੜ ਨੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ।

ਗਲੋਬਲ ਫਲਾਇਰਜ਼ ਦੇ ਸਟੂਡੈਂਟ ਨੇ ਪ੍ਰਾਪਤ ਕੀਤੇ 7 ਬੈਂਡ

ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)-ਗਲੋਬਲ ਫਲਾਇਰਜ਼ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ, ਜੋ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਿਤ ਹੋ ਰਹੀ ਹੈ, ਉਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵਿੱਚ ਆਈਲਟਸ ਦੀ ਤਿਆਰੀ ਵੀ ਬਹੁਤ ਵਧੀਆ ਤਰੀਕੇ ਨਾਲ ਕਰਵਾਈ ਜਾ ਰਹੀ ਹੈ।ਸਟਾਫ ਤੇ ਬੱਚਿਆਂ ਦੀ ਮਿਹਨਤ ਸਦਕਾ ਨਿਰਵੈਰ ਸਿੰਘ ਵੱਲੋਂ ਓਵਰਆਲ 7.0 ਬੈਂਡ ਹਾਸਲ ਕੀਤੇ ਹਨ, ਜਿਸ ਵਿੱਚ ਲਿਸਨਿੰਗ 8.0 ਬੈਂਡ, ਰੀਡਿੰਗ 7.0, ਰਾਇਟਿੰਗ 6.5 ਤੇ ਸਪੀਕਿੰਗ 6.0 ਬੈਂਡ ਹਾਸਲ ਕੀਤੇ ਹਨ।ਗਲੋਬਲ ਫਲਾਇਅਰਜ਼ ਦੇ ਚੇਅਰਮੈਨ ਰਜਤ ਪਲਤਾ ਨੇ ਦੱਸਿਆ ਕਿ ਸੰਸਥਾ ਵਿੱਚ ਬਹੁਤ ਹੀ ਤਜਰਬੇਕਾਰ ਤੇ ਮਿਹਨਤੀ ਸਟਾਫ਼ ਦੁਆਰਾ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ ਤਾਂ ਜੋ ਬੱਚੇ ਬਹੁਤ ਹੀ ਘੱਟ ਸਮੇਂ ਵਿੱਚ ਲੋੜੀਂਦੇ ਬੈਂਡ ਪ੍ਰਾਪਤ ਕਰ ਸਕਣ।ਇਸ ਮੌਕੇ ਨਿਰਵੈਰ ਸਿੰਘ ਨਾਲ ਖੁਸ਼ੀ ਜ਼ਾਹਰ ਕਰਦਿਆਂ ਐੱਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਮਾਘੀ ਮੌਕੇ 'ਸਰਬੰਸਦਾਨੀ' ਲਾਈਟ ਐਂਡ ਸਾਊਂਡ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ

■ ਸੰਧਵਾਂ ਵੱਲੋਂ ਸਿੱਖਿਆ ਤੇ ਤਕਨੀਕੀ ਹੁਨਰ ਰਾਹੀਂ ਸਮਾਜ ਨੂੰ ਅੱਗੇ ਵਧਣ ਦਾ ਸੱਦਾ

■ ਸਾਡਾ ਗੌਰਵਸ਼ਾਲੀ ਇਤਿਹਾਸ ਸਾਡੇ ਲਈ ਪ੍ਰੇਰਣਾ ਸ੍ਰੋਤ : ਖੁੱਡੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਾਘੀ ਮੌਕੇ ਪਹਿਲੀ ਵਾਰ ਕਰਵਾਇਆ ਲਾਈਟ ਐਂਡ ਸਾਊਂਡ ਪ੍ਰੋਗਰਾਮ 'ਮਹਾਂ ਨਾਟਕ, ਸਰਬੰਸਦਾਨੀ' ਯਾਦਗਾਰੀ ਹੋ ਨਿੱਬੜਿਆ।ਵੱਡੀ ਗਿਣਤੀ ਵਿੱਚ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਤਿਆਰ ਕੀਤੇ ਇਸ ਲਾਈਟ ਐਂਡ ਸਾਊਂਡ ਸ਼ੋਅ ਨੂੰ ਵੇਖਿਆ।ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬਾਨ ਦੇ ਮਹਾਨ ਸੰਦੇਸ਼ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਸਾਨੂੰ ਜ਼ਰੂਰਤ ਹੈ ਕਿ ਸਿੱਖਿਆ ਤੇ ਤਕਨੀਕ ਦੇ ਸਹਾਰੇ ਅੱਗੇ ਵਧਿਆ ਜਾਵੇ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੀ ਇਸ ਲਈ ਯਤਨ ਕਰ ਰਹੀ ਹੈ ਅਤੇ ਤਕਨੀਕੀ ਸਿੱਖਿਆ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।ਉਨ੍ਹਾ ਦੱਸਿਆ ਕਿ ਰਾਜ ਸਰਕਾਰ ਬਣਾਉਟੀ ਬੌਧਿਕਤਾ, ਜੋ ਭਵਿੱਖ ਦੀ ਤਕਨੀਕ ਦਾ ਅਧਾਰ ਹੈ, ਦੀ ਪੜ੍ਹਾਈ ਲਈ ਸੰਸਥਾਨ ਸਥਾਪਤ ਕਰ ਰਹੀ ਹੈ ਅਤੇ ਜਲਦ ਹੀ ਸ੍ਰੀ ਮੁਕਤਸਰ ਸਾਹਿਬ ਵਿਖੇ ਵੀ ਇਸੇ ਤਰ੍ਹਾਂ ਦਾ ਸੰਸਥਾਨ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ।

ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਸਾਡਾ ਮਹਾਨ ਸਾਡੇ ਲਈ ਪ੍ਰੇਰਣਾ ਸ੍ਰੋਤ ਹੈ। ਉਨ੍ਹਾ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਿਖਾਇਆ ਹੱਕ ਸੱਚ ਦਾ ਰਾਹ ਸਾਨੂੰ ਅੱਜ ਵੀ ਜੀਵਨ ਵਿੱਚ ਸਹੀ ਦਿਸ਼ਾ ਦੇ ਰਿਹਾ ਹੈ।ਉਨ੍ਹਾ ਚਾਲੀ ਮੁਕਤਿਆਂ ਨੂੰ ਨਮਨ ਕਰਦਿਆਂ ਕਿਹਾ ਕਿ ਅਸੀਂ ਜਦ ਆਪਣੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਚੱਲਦੇ ਹਾਂ ਤਾਂ ਹਰ ਮੁਹਾਜ 'ਤੇ ਸਫਲ ਹੁੰਦੇ ਹਾਂ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਡੀ ਨਵੀਂ ਪੀੜ੍ਹੀ ਨੂੰ ਸਾਡੇ ਮਹਾਨ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇੱਥੇ ਪਹਿਲੀ ਵਾਰ ਦੋ ਦਿਨਾ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਇਆ ਗਿਆ ਹੈ।ਇਸ ਮੌਕੇ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸੰਗਤ ਨੂੰ ਜੀ ਆਇਆਂ ਨੂੰ ਆਖਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਮਾਜਿਕ ਜਾਗਰੂਕਤਾ ਲਈ ਜ਼ਰੂਰੀ ਹਨ। ਉਨ੍ਹਾ ਕਿਹਾ ਕਿ ਹੁਨਰ ਹਾਟ ਨੇ ਵੀ ਸਾਡੇ ਦਸਤਕਾਰਾਂ, ਸਵੈ-ਸਹਾਇਤਾ ਸਮੂਹਾਂ ਨੂੰ ਇਕ ਮੰਚ ਮੁਹੱਈਆ ਕਰਵਾਇਆ ਹੈ।ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਡਾ: ਰੂਹੀ ਦੁੱਗ, ਵਧੀਕ ਡਿਪਟੀ ਕਮਿਸ਼ਨਰ ਡਾ: ਨਯਨ, ਐੱਸ ਡੀ ਐੱਮ ਕੰਵਰਜੀਤ ਸਿੰਘ ਮਾਨ ਨੇ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਸਪੀਕਰ ਪੰਜਾਬ ਵਿਧਾਨ ਸਭਾ ਸ: ਕੁਲਤਾਰ ਸਿੰਘ ਸੰਧਵਾਂ ਨੇ ਹੁਨਰ ਹਾਟ ਦਾ ਵੀ ਦੌਰਾ ਕੀਤਾ ਤੇ ਇੱਥੇ ਸਟਾਲਾਂ ਲਗਾਉਣ ਵਾਲਿ

16-JAN-PAGE-11-Majha-24.qxd 1/15/2024 10:37 PM Page 1

ਕੈਨੇਡਾ ਵਸਦੇ ਬੂਆ ਸਿੰਘ ਦੀ ਮੌਤ, ਪਰਿਵਾਰ ਤੇ ਪਿੰਡ 'ਚ ਸਦਮੇ ਦੀ ਲਹਿਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਅਧੀਨ ਪੈਂਦੇ ਪਿੰਡ ਸ਼ਾਹਪੁਰ ਜਾਜਨ ਵਿੱਚ ਉਸ ਵੇਲੇ ਸਦਮੇ ਦੀ ਲਹਿਰ ਦੌੜ ਗਈ ਜਦ ਇਸੇ ਪਿੰਡ ਦੇ ਜੰਮਪਲ ਵਿਅਕਤੀ ਬੂਆ ਸਿੰਘ (85) ਪੁੱਤਰ ਦਲੀਪ ਸਿੰਘ ਜੋ ਕਨੇਡਾ ਦੇ ਸ਼ਹਿਰ ਸਰੀ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ ਤੇ ਉਸ ਦੀ ਸੰਖੇਪ ਬਿਮਾਰੀ ਦੇ ਚਲਦਿਆਂ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਉਸ ਦੀ ਮੌਤ ਦੀ ਖਬਰ ਸੁਣਦਿਆਂ ਹੀ ਪਿੱਛੇ ਪਰਿਵਾਰ ਵਿੱਚ ਰਹਿੰਦੇ ਉਨ੍ਹਾਂ ਦੇ ਭਰਾ ਸੋਹਨ ਸਿੰਘ, ਬਾਵਾ ਸਿੰਘ, ਰਣਧੀਰ ਸਿੰਘ ਅਤੇ ਗੁਲਜ਼ਾਰ ਸਿੰਘ ਨਾਲ ਪਿੰਡ ਵਾਸੀਆਂ, ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਵੱਲੋਂ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਬੂਆ ਸਿੰਘ ਦੇ ਭਰਾ ਗੁਲਜ਼ਾਰ ਸਿੰਘ ਨੇ ਦੱਸਿਆ ਕਿ ਉਨਾਂ ਦਾ ਭਰਾ ਬੂਆ ਸਿੰਘ ਜੋ ਕਿ ਪਹਿਲਾਂ ਇੰਡੀਆ ਵਿੱਚ ਮਨਿਸਟਰੀ ਆਫ ਐਕਸਟਰਨਲ ਅਫੇਅਰ ਵਿੱਚ ਨੌਕਰੀ ਕਰਦੇ ਸਨ। 2005 ਵਿੱਚ ਰਿਟਾਇਰਮੈਂਟ ਲੈਣ ਤੋਂ ਬਾਅਦ ਉਹ ਆਪਣੇ ਪਰਿਵਾਰ ਸਮੇਤ ਕੈਨੇਡਾ ਦੇ ਸਰੀ ਸ਼ਹਿਰ ਵਿੱਚ ਸੈਟਲ ਹੋ ਗਏ।

ਉਨ੍ਹਾਂ ਦੱਸਿਆ ਕਿ ਉਹ ਬੀਤੇ ਇੱਕ ਮਹੀਨੇ ਤੋਂ ਕਿਸੇ ਬਿਮਾਰੀ ਨਾਲ ਜੂਝ ਰਹੇ ਸਨ ਤੇ ਅੱਜ ਉਨ੍ਹਾਂ ਹਸਪਤਾਲ ਵਿੱਚ ਇਲਾਜ ਦੌਰਾਨ ਸਵੇਰੇ 5 ਵਜੇ ਆਖਰੀ ਸਾਹ ਲਏ ਹਨ। ਗੁਲਜ਼ਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀਆਂ ਅੰਤਿਮ ਰਸਮਾਂ ਕੈਨੇਡਾ ਵਿੱਚ ਕੀਤੀਆਂ ਜਾਣਗੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰਾਂ ਸਾਕ ਸਬੰਧੀਆਂ ਅਤੇ ਪਿੰਡ ਵਾਸੀਆਂ ਵੱਲੋਂ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਗਈ ਕਿ ਸਰਦਾਰ ਬੂਆ ਸਿੰਘ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਕੁਦਰਤ ਦਾ ਭਾਣਾ ਮੰਨਣ ਦਾ ਬਲ ਬਖਸ਼ਣ।

'ਆਪੇ ਗੁਰ ਚੇਲਾ' ਨਗਰ ਕੀਰਤਨ ਸ੍ਰੀ ਮੁਕਤਸਰ ਸਾਹਿਬ ਤੋਂ ਅਗਲੇ ਪੜਾਅ ਲਈ ਰਵਾਨਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆਰੰਭ ਹੋਇਆ 'ਆਪੇ ਗੁਰ ਚੇਲਾ' ਨਗਰ ਕੀਰਤਨ ਅੱਜ ਛੇਵੇਂ ਦਿਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਅਗਲੇ ਪੜਾਅ ਗੁਰਦੁਆਰਾ ਸ੍ਰੀ ਹਾਜੀਰਤਨ ਬਠਿੰਡਾ ਲਈ ਰਵਾਨਾ ਹੋਇਆ। ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਅਰੰਭਤਾ ਸਮੇਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਨਗਰ ਕੀਰਤਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਮਾਰਗ ਤੇ ਚਲਦਾ ਹੋਇਆ ਪਿੰਡ ਬਰਕੰਦੀ, ਰੁਪਾਣਾ, ਭੂੰਦੜ, ਗੁਰੂਸਰ, ਛੱਤੇਆਣਾ, ਕੋਟਭਾਈ, ਸਾਹਿਬ ਚੰਦ, ਭਲਾਈਆਣਾ, ਕੋਠੇ ਚੇਤ ਸਿੰਘ ਵਾਲਾ, ਕੋਠੇ ਫੂਲੇ ਵਾਲਾ, ਕਿਲੀ ਨਿਹਾਲ ਸਿੰਘ, ਅੱਡਾ ਬੁਰਜ ਮਹਿਮਾ, ਮਹਿਮਾ ਭਗਵਾਨਾ, ਕੋਠੇ ਨਾਥੀਆਣਾ, ਲੱਖੀ ਜੰਗਲ, ਨੇਹੀਆਂ ਵਾਲਾ, ਗੋਨਿਆਣਾ ਮੰਡੀ, ਮਾਲਰੋਡ, ਭੋਖੜਾ, ਗਿੱਲ ਪੱਤੀ, ਥਰਮਲ ਕਲੋਨੀ, ਭਾਈ ਘਨੱਈਆ ਚੌਂਕ, ਰੋਜ ਗਾਰਡਨ, ਸਬਜੀ ਮੰਡੀ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਹਾਜੀਰਤਨ, ਬਠਿੰਡਾ ਪੁੱਜਾ।

ਰਸਤੇ ਵਿਚ ਸੰਗਤ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਸੁੰਦਰ ਗੇਟ ਬਣਾਏ ਗਏ ਸਨ ਅਤੇ ਵੱਖ-ਵੱਖ ਪੜਾਵਾਂ 'ਤੇ ਭਰਵਾਂ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਵਜੋਂ ਰੁਮਾਲਾ ਸਾਹਿਬ ਭੇਟ ਕੀਤੇ ਗਏ। ਸੰਗਤਾਂ ਵੱਲੋਂ ਪੰਜ ਪਿਆਰੇ ਤੇ ਨਿਸ਼ਾਨਚੀ ਸਿੰਘਾਂ ਨੂੰ ਸਿਰਪਾਓ ਦੇ ਕੇ ਸਨਮਾਨ ਵੀ ਕੀਤਾ ਗਿਆ। ਨਗਰ ਕੀਰਤਨ ਨਾਲ ਚਲ ਰਹੀ ਸ਼ਸ਼ਤਰਾਂ ਵਾਲੀ ਬਸ ਵਿੱਚ ਸ਼ਸ਼ੋਭਿਤ ਗੁਰੂ ਸਾਹਿਬ ਦੇ ਸ਼ਸ਼ਤਰਾਂ ਦੇ ਵੀ ਸੰਗਤ ਨੇ ਉਤਸ਼ਾਹ ਨਾਲ ਦਰਸ਼ਨ ਕੀਤੇ। ਜ਼ਿਕਰਯੋਗ ਹੈ ਕਿ ਆਪੇ ਗੁਰ ਚੇਲਾ ਨਗਰ ਕੀਰਤਨ ੧੬ ਜਨਵਰੀ ਨੂੰ ਗੁਰਦੁਆਰਾ ਸ੍ਰੀ ਹਾਜੀਰਤਨ ਬਠਿੰਡਾ ਤੋਂ ਚੱਲ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਪਹੁੰਚ ਕੇ ਸੰਪੂਰਨ ਹੋਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਇੰਦਰਮੋਹਨ ਸਿੰਘ ਲਖਮੀਰਵਾਲਾ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਦਰਸ਼ਨ ਸਿੰਘ ਮੋਠਾਂਵਾਲਾ, ਅਵਤਾਰ ਸਿੰਘ ਵਣਵਾਲਾ, ਨਵਤੇਜ ਸਿੰਘ ਕਾਉਣੀ, ਸੀਨੀਅਰ ਅਕਾਲੀ ਆਗੂ ਕਰਮਜੀਤ ਸਿੰਘ ਰੋਜ਼ੀ ਬਰਕੰਦੀ, ਜਿਲ੍ਹਾ ਪ੍ਰਧਾਨ ਪ੍ਰੀਤਇੰਦਰ ਸਿੰਘ, ਹਰਦੀਪ ਸਿੰਘ ਡਿੰਪੀ ਢਿੱਲੋਂ, ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਸ. ਬਿਜੇ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਚੀਫ ਸ. ਜਗਦੀਸ਼ ਸਿੰਘ ਬੁੱਟਰ, ਮੈਨੇਜਰ ਰੇਸ਼ਮ ਸਿੰਘ, ਜਰਨੈਲ ਸਿੰਘ, ਮਾਲਵਾ ਜ਼ੋਨ ਦੇ ਇੰਚਾਰਜ ਜਗਪਾਲ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆ, ਨਿਰਮਲਜੀਤ ਸਿੰਘ, ਮਨਜਿੰਦਰ ਸਿੰਘ ਬਿੱਟੂ, ਜਗਜੀਤ ਸਿੰਘ ਹਨੀ, ਬਾਬਾ ਜਸਪਾਲ ਸਿੰਘ ਮੁਕਤਸਰ, ਗੁਰਚਰਨ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

ਇੰਤਕਾਲਾਂ ਦੇ ਪੈਂਡਿੰਗ ਮਾਮਲੇ ਨਿਪਟਾਉਣ ਲਈ ਲੱਗਾ ਵਿਸ਼ੇਸ਼ ਕੈਂਪ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਸਾਫ਼ ਸੁਥਰਾ ਸ਼ਾਸਨ ਦੇਣ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੰਜਾਬ ਅੰਦਰ ਸਬ ਤਹਿਸੀਲਾਂ, ਤਹਿਸੀਲਾਂ ਵਿੱਚ ਇੰਤਕਾਲਾਂ ਦੇ ਲੰਬਿਤ ਪਏ ਮਾਮਲੇ ਨਿਪਟਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ।

ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਤਹਿਸੀਲਦਾਰ ਸਤੀਸ਼ ਕੁਮਾਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਲਗਾਉਣ ਦਾ ਮੁੱਖ ਮੰਤਵ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਦੇਣਾ ਹੈ। ਇਸ ਮੌਕੇ ਤੇ ਪਟਵਾਰੀ ਹਰਮਨਪ੍ਰੀਤ ਸਿੰਘ ਪਟਵਾਰੀ ਗੁਰਜੀਤ ਸਿੰਘ ਤੋਂ ਇਲਾਵਾ ਘੱਟ ਗਿਣਤੀ ਵਿੰਗ ਦੇ ਜ਼ਿਲ੍ਹਾ ਸਕੱਤਰ ਅਜੈ ਕੁਮਾਰ ਚੀਦਾ ਕਾਦੀਆਂ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਤਹਿਸੀਲਾਂ ਵਿਚ ਲੱਗੇ ਕੈਂਪ ਦੌਰਾਨ ਹਲਕਾ ਕਾਦੀਆਂ ਦੇ ਬਲਾਕ ਕਾਦੀਆਂ ਦੇ ਸਮੂਹ ਆਗੂਆਂ ਸਿਟੀ ਪ੍ਰਧਾਨ ਕਰਨਬੀਰ ਸਿੰਘ ਸ਼ੇਰਾ, ਹਰਪਾਲ ਸਿੰਘ ਬਾਜਵਾ ਬਲਾਕ ਪ੍ਰਧਾਨ, ਰਾਮੂ ਨਾਥਪੁਰਾ ਸਰਕਲ ਪ੍ਰਧਾਨ, ਬਾਬਾ ਜੋਗਿੰਦਰ ਸਿੰਘ ਸਰਕਲ ਪ੍ਰਧਾਨ, ਗੁਰਮੇਜ ਸਿੰਘ, ਗੁਲੂ ਸਰਪੰਚ ਕਾਹਲਵਾਂ, ਸੁਖਦੇਵ ਸਿੰਘ ਕਾਹਲਵਾਂ, ਮੰਗਲ ਸਿੰਘ ਸੰਧੂ, ਮਨਜੀਤ ਕੌਰ ਤੋਂ ਇਲਾਵਾ ਸਮੂਹ ਤਹਿਸੀਲ ਸਟਾਫ ਹਾਜ਼ਰ ਸਨ।

ਨਿਵੇਕਲੀ ਪਹਿਲਕਦਮੀ ਸਦਕਾ ਲੋਕਾਂ ਨੂੰ ਡੋਰ-ਟੂ-ਡੋਰ ਸੇਵਾਵਾਂ ਮਿਲਣੀਆਂ ਸ਼ੁਰੂ: ਰਮਨ ਬਹਿਲ

ਗੁਰਦਾਸਪੁਰ (ਦਿਨੇਸ਼ ਕੁਮਾਰ)-ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਯੋਜਨਾ ਸਦਕਾ ਹੁਣ ਸੂਬਾ ਵਾਸੀਆਂ ਨੂੰ ਡੋਰ-ਟੂ-ਡੋਰ ਸੇਵਾਵਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।ਲੋਕ ਹੁਣ ਆਪਣੇ ਘਰ ਬੈਠੇ ਹੀ 1076 ਨੰਬਰ ਡਾਇਲ ਕਰਕੇ 43 ਨਾਗਰਿਕ ਕੇਂਦਰਿਤ ਸੇਵਾਵਾਂ ਦਾ ਲਾਭ ਲੈ ਸਕਦੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਡਾਇਲ 1076 ਰਾਹੀਂ ਲੋਕ ਆਪਣਾ ਸਮਾਂ ਸਲਾਟ ਬੁੱਕ ਕਰਕੇ ਆਪਣੀ ਦਹਿਲੀਜ਼ ਤੇ ਸੇਵਾ ਪ੍ਰਾਪਤ ਕਰ ਰਹੇ ਹਨ। ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਡਾਇਲ 1076 ਦੇ ਦਾਇਰੇ ਵਿੱਚ ਆਉਣ ਵਾਲੀਆਂ ਸੇਵਾਵਾਂ ਵਿੱਚ ਜਨਮ/ਐਨ.ਏ.ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ.ਏ.ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸਬੰਧੀ ਬਾਂਡ, ਬਾਰਡਰ ਏਰੀਏ ਸਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐੱਨ.ਆਰ.ਆਈ. ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਸ ਕਲੀਅਰੈਂਸ ਸਰਟੀਫਿਕੇਟ ਅਤੇ ਕੰਢੀ ਖੇਤਰ ਸਰਟੀਫਿਕੇਟ (ਮਾਲ) ਦੇ ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ, ਉਸਾਰੀ ਕਾਮੇ ਦੀ ਰਜਿਸਟ੍ਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟ੍ਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ. ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸਬੰਧੀ ਸਰਟੀਫਿਕੇਟ (ਓ.ਬੀ.ਸੀ.), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ.ਡਬਲਿਊ.ਐੱਸ.) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੂ.ਡੀ.ਆਈ.ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ (ਪਾਵਰ), ਵਿਆਹ ਦੀ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਆਨੰਦ) (ਘਰ) ਦੀ ਰਜਿਸਟ੍ਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ (ਪੇਂਡੂ) ਸ਼ਾਮਲ ਹਨ।

ਪ੍ਰੋਸਟੇਟ ਕੈਂਸਰ ਤੇ ਕਿਡਨੀ ਟਿਊਮਰ ਨਾਲ ਪੀੜਤ 70 ਸਾਲਾ ਅਮਰੀਕੀ ਮਰੀਜ਼ ਦਾ ਰੋਬੋਟ ਨਾਲ ਸਫਲ ਇਲਾਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅਮਰੀਕਾ ਵਿੱਚ ਰਹਿਣ ਵਾਲੇ ਇੱਕ 70 ਸਾਲਾ ਵਿਅਕਤੀ ਨੂੰ ਵਾਰ-ਵਾਰ ਪਿਸ਼ਾਬ ਕਰਨ ਵਿਚ ਦਰਦ, ਪਿਸ਼ਾਬ ਵਿੱਚ ਖੂਨ (ਹੀਮੇਟੂਰੀਆ) ਦੇ ਨਾਲ-ਨਾਲ ਪੇਡੂ ਵਿੱਚ ਤੇਜ਼ ਦਰਦ ਦਾ ਅਨੁਭਵ ਹੋ ਰਿਹਾ ਸੀ। ਉਸਦੀ ਡਾਕਟਰੀ ਜਾਂਚ ਤੋਂ ਉਹ ਪ੍ਰੋਸਟੇਟ ਕੈਂਸਰ ਅਤੇ ਖੱਬੇ ਗੁਰਦੇ ਦੇ ਟਿਊਮਰ ਤੋਂ ਪੀੜਤ ਪਾਇਆ ਗਿਆ। ਮਰੀਜ਼ ਨੇ ਅਮਰੀਕਾ ਅਤੇ ਭਾਰਤ ਦੇ ਕਈ ਹਸਪਤਾਲਾਂ ਦਾ ਦੌਰਾ ਕੀਤਾ ਅਤੇ ਸਾਰੇ ਵਿਕਲਪਾਂ ਦੀ ਪੜਚੋਲ ਕਰਨ ਤੋਂ ਬਾਅਦ ਅੰਤ ਵਿੱਚ ਉਸਨੇ ਫੋਰਟਿਸ ਹਸਪਤਾਲ ਮੋਹਾਲੀ ਦੇ ਯੂਰੋਲੋਜੀ ਵਿਭਾਗ, ਐਂਡਰੋਲੋਜੀ ਅਤੇ ਰੋਬੋਟਿਕ ਸਰਜਰੀ ਵਿਭਾਗ ਦੇ ਸਲਾਹਕਾਰ ਡਾ. ਰੋਹਿਤ ਡਡਵਾਲ ਨਾਲ ਸੰਪਰਕ ਕੀਤਾ। ਡਾ. ਰੋਹਿਤ ਡਡਵਾਲ ਨੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਅਤੇ ਸਾਰੀਆਂ ਜਾਂਚਾਂ ਦੀ ਸਮੀਖਿਆ ਕਰਨ ਤੋਂ ਬਾਅਦ, ਮਰੀਜ਼ ਨੂੰ ਰੈਡੀਕਲ ਪ੍ਰੋਸਟੇਟੈਕਟੋਮੀ (ਪ੍ਰੋਸਟੇਟ ਗਲੈਂਡ ਨੂੰ ਪੂਰੀ ਤਰ੍ਹਾਂ ਹਟਾਉਣ) ਦੇ ਨਾਲ-ਨਾਲ ਰੋਬੋਟ ਦੀ ਸਹਾਇਤਾ ਨਾਲ ਰੈਡੀਕਲ ਨੇਫਰੇਕਟੋਮੀ (ਗੁਰਦੇ ਨੂੰ ਪੂਰੀ ਤਰ੍ਹਾਂ ਹਟਾਉਣ) ਦੀ ਯੋਜਨਾ ਬਣਾਈ ਗਈ ਸੀ। ਦੋਵੇਂ ਵੱਡੀਆਂ ਸਰਜਰੀਆਂ ਇੱਕੋ ਸਮੇਂ ਕਰਨ ਦੀ ਗੁੰਝਲਤਾ ਨੂੰ ਦੇਖਦੇ ਹੋਏ ਪ੍ਰੋਸਟੇਟ ਕੈਂਸਰ ਅਤੇ ਕਿਡਨੀ ਟਿਊਮਰ ਨੂੰ ਹਟਾਉਣ ਦੇ ਲਈ ਰੋਬੋਟ ਏਡੇਡ ਸਰਜਰੀ ਦਾ ਇਸਮੇਤਾਲ ਕੀਤਾ ਗਿਆ। ਉਨ੍ਹਾਂ ਮਾਮਲੇ ਦੇ ਚਰਚਾ ਕਰਦੇ ਹੋਏ ਦੱਸਿਆ ਕਿ ਪ੍ਰੋਸਟੇਟ ਕੈਂਸਰ ਅਤੇ ਕਿਡਨੀ ਟਿਊਮਰ ਦਾ ਇਕ ਸਾਰ ਮਿਲਣਾ ਖਤਰਨਾਕ ਸੀ, ਖਾਸਕਰ ਇਸ ਕੇਸ ਵਿਚ ਹੋਰਨ੍ਹਾਂ ਅੰਗਾਂ ਤੱਕ ਇਸ ਦਾ ਪ੍ਰਭਾਵ ਨਹੀਂ ਪਹੁੰਚਿਆ ਸੀ। ਮਰੀਜ਼ ਦੇ ਦੋਵੇਂ ਟਿਊਮਰ ਮੂਲ ਅੰਗ ਤੱਕ ਸੀਮਤ ਹੋਣ ਦੇ ਕਾਰਨ ਪੈਥੋਲੋਜੀ ਨੂੰ ਪੂਰੀ ਤਰ੍ਹਾਂ ਤੋਂ ਹਟਾਉਣ ਅਤੇ ਉਸ ਨੂੰ ਕੈਂਸਰ ਮੁਕਤ ਕਰਨ ਦਾ ਮੌਕਾ ਸੀ। ਇਸ ਕੇਸ ਵਿਚ ਓਪਨ ਜਾਂ ਲੈਪਰੋਸਕੋਪੀ ਸਰਜਰੀ ਕਰਨਾ ਚੁਣੌਤੀ ਭਰਿਆ ਸੀ, ਕਿਉਂਕਿ ਆਪ੍ਰੇਟਿਵ ਏਰੀਆ ਕਾਫੀ ਛੋਟਾ ਹੁੰਦਾ ਹੈ ਅਤੇ ਇਸ ਵਿਚ ਜਿਆਦਾ ਏਨੈਸਥੀਸਿਆ ਸਮੇਂ ਲੱਗਦਾ ਹੈ, ਜਿਸ ਵਿਚ ਵੱਧ ਖੂਨ ਦੀ ਬਰਬਾਦੀ ਅਤੇ ਵੱਧ ਮੁਸ਼ਕਲਾਂ ਹੁੰਦੀਆਂ ਹਨ। ਸਰਜਰੀ ਦੇ ਅਗਲੇ ਦਿਨ ਹੀ ਮਰੀਜ਼ ਚੱਲਣ ਯੋਗ ਹੋ ਗਿਆ ਸੀ ਅਤੇ ਜਾਂਚ ਕਰਨ ਤੋਂ ਬਾਅਦ ਮਰੀਜ਼ ਪੂਰੀ ਹੁ

16-JAN-PAGE-12.qxd 1/15/2024 10:35 PM Page 1

ਨਗਰ ਕੀਰਤਨ ਸਜਾਇਆ

ਫਿਲੌਰ (ਨਿਰਮਲ)-ਦਸਵੀਂ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਫਿਲੌਰ ਦੀਆਂ ਸਮੂਹ ਸੰਗਤਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਨਗਰ ਕੀਰਤਨ ਗੁਰਦੁਆਰਾ ਬਉਲੀ ਸਾਹਿਬ ਤੋਂ ਸਜਾਇਆ ਗਿਆ। ਨਗਰ ਕੀਰਤਨ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਪਾਲਕੀ ਅਤੇ ਪੰਜ ਪਿਆਰੇ ਕਰ ਰਹੇ ਸਨ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਨਗਰ ਕੀਰਤਨ ਵਿੱਚ ਭਾਗ ਲਿਆ, ਅਤੇ ਗੁਰੂ ਦੀ ਮਹਿਮਾ ਦਾ ਗੁਣਗਾਨ ਕੀਤਾ। ਨਗਰ ਕੀਰਤਨ ਪਿੰਡ ਰਾਮਗੜ੍ਹ, ਨੰਗਲ, ਫਿਲੌਰ, ਗੜਾ, ਪੁਲਸ ਕਲੋਨੀ ਤੋਂ ਹੁੰਦਾ ਹੋਇਆ ਗੁਰੂ ਘਰ ਵਿਖੇ ਸਮਾਪਤ ਹੋਇਆ। ਸੰਗਤਾਂ ਲਈ ਥਾਂ-ਥਾਂ ਲੰਗਰ ਲਗਾਏ ਗਏ ਸਨ।

ਪ੍ਰੋ: ਡਿੰਪੀ ਵੱਲੋਂ ਆਪਣਾ ਸਰੀਰ ਦਾਨ ਕਰਨ ਦਾ ਪ੍ਰਣ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸ੍ਰੀ ਗੁਰੂ ਹਰਿਰਾਇ ਕਾਲਜ ਆਫ ਵੂਮੈਨ ਚੱਬੇਵਾਲ ਦੇ ਇਕਨੋਮਿਕਸ ਵਿਭਾਗ ਵਿਖੇ ਤੈਨਾਤ ਸਹਾਇਕ ਪ੍ਰੋਫੈਸਰ ਮੈਡਮ ਡਿੰਪੀ ਵੱਲੋਂ ਨੇਤਰਦਾਨ ਐਸੋਸੀਏਸ਼ਨ ਹੁਸ਼ਆਰਪੁਰ ਦੇ ਦਫਤਰ ਆ ਕੇ ਆਪਣਾ ਸਰੀਰ ਦਾਨ ਕਰਨ ਲਈ ਪ੍ਰਣ ਪੱਤਰ ਭਰਿਆ। ਪ੍ਰਣ ਪੱਤਰ ਭਰਨ ਸਮੇਂ ਉਨ੍ਹਾਂ ਦੇ ਪਿਤਾ ਸਰਵਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਡਿੰਪੀ ਨੇਤਰਦਾਨ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਆਪਣਾ ਸਰੀਰ ਮੈਡੀਕਲ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਲਈ ਆਪਣੀ ਇੱਛਾ ਅਨੁਸਾਰ ਦਾਨ ਕਰਨ ਦਾ ਪ੍ਰਣ ਕਰ ਰਹੀ ਹੈ। ਡਿੰਪੀ ਨੇ ਕਿਹਾ ਕਿ ਸਾਡੇ ਗੁਰੂ ਸਾਹਿਬਾਨਾਂ ਵਲੋਂ ਵੀ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਿਣ ਦੀ ਸਿੱਖਿਆ ਦਿੱਤੀ ਗਈ ਹੈ। ਸੰਸਥਾ ਦੇ ਪ੍ਰਧਾਨ ਨਮੋਹਨ ਸਿੰਘ ਨੇ ਦੱਸਿਆ ਕਿ ਹੁਣ ਤੱਕ 30 ਤੋਂ ਵੱਧ ਵਿਅਕਤੀਆਂ ਵੱਲੋਂ ਆਪਣੀ ਮੌਤ ਉਪਰੰਤ ਆਪਣੇ ਸਰੀਰ ਦਾਨ ਕੀਤੇ ਜਾ ਚੁੱਕੇ ਹਨ। ਇਸ ਮੌਕੇ ਨੇਤਰਦਾਨ ਸੰਸਥਾ ਹੁਸ਼ਿਆਰਪੁਰ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਬਲਜੀਤ ਸਿੰਘ ਪਨੇਸਰ, ਮੀਤ ਪ੍ਰਧਾਨ ਡਾ: ਗੁਰਬਖਸ਼ ਸਿੰਘ, ਗੁਰਪ੍ਰੀਤ ਸਿੰਘ, ਕਿਸ਼ੋਰੀ ਲਾਲ, ਸ੍ਰੀਮਤੀ ਰਚਨਾ ਕੌਰ ਅਤ ਲਾਲ ਸਿੰਘ ਹਾਜਰ ਸਨ।

ਸਾਲਾਨਾ ਮਾਘੀ ਮੇਲਾ ਸ਼ਰਧਾਪੂਰਵਕ ਕਰਵਾਇਆ

ਨਵਾਂ ਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) - ਬਾਬਾ ਜੋਗੀਪੀਰ ਸਾਹਿਬ ਦੇ ਅਸਥਾਨ ਪਿੰਡ ਧੌਲ ਵਿਖੇ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਮਹੰਤ ਦੁਰਗਾ ਸਿੰਘ ਚਾਹਲ ਦੀ ਸਰਪ੍ਰਸਤੀ ਹੇਠ ਸਾਲਾਨਾ ਮਾਘੀ ਮੇਲਾ ਸ਼ਰਧਾ ਪੂਰਵਕ ਕਰਵਾਇਆ ਗਿਆ। ਸਵੇਰ ਵੇਲੇ ਪੰਡਿਤ ਰਾਮ ਪਾਲ ਥੋਪੀਆ ਵੱਲੋਂ ਹਵਨ ਪੂਜਾ ਕੀਤੀ ਗਈ ਅਤੇ ਰਾਗੀ ਸੁੱਖਾ ਸਿੰਘ ਜਟਵਾਹੜ ਸਪੁੱਤਰ ਸਵ: ਰਾਮ ਕਿਸ਼ਨ ਭਗਤ ਐਂਡ ਪਾਰਟੀ ਵੱਲੋਂ ਆਰਤੀ ਕੀਤੀ ਗਈ। ਉਪਰੰਤ ਧਾਰਮਿਕ ਸਟੇਜ ਦੌਰਾਨ ਬੁਲੰਦ ਅਵਾਜ ਦੇ ਮਾਲਕ ਪੰਮਾ ਡੂਮੇਵਾਲ, ਬਲਕਾਰ ਅਣਖੀਲਾ ਅਤੇ ਬੀਬਾ ਮਨਜਿੰਦਰ ਗੁਲਸ਼ਨ ਵਲੋਂ ਆਪਣੀ ਮਿਆਰੀ ਗਾਇਕੀ ਸਦਕਾ ਖੂਬ ਰੰਗ ਬੰਨਿਆ ਗਿਆ। ਮੇਲੇ ਦੌਰਾਨ ਇਲਾਕੇ ਭਰ ਦੀਆਂ ਸੰਗਤਾਂ ਬਾਬਾ ਜੀ ਦੇ ਦਰਬਾਰ ਵਿਖੇ ਨਤਮਸਤਕ ਹੋਈਆਂ। ਕਮੇਟੀ ਬਾਬਾ ਜੋਗੀਪੀਰ ਸਾਹਿਬ ਵਲੋਂ ਪਤਵੰਤਿਆਂ ਅਤੇ ਸਹਿਯੋਗੀਆਂ ਨੂੰ ਸਨਮਾਨਿਤ ਕੀਤਾ ਗਿਆ। ਅਵਤਾਰ ਸਿੰਘ ਫਿਰਨੀ ਮਜਾਰਾ ਵਲੋਂ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਗਈ। ਬਲਾਚੌਰ ਦੇ ਪ੍ਰਸਿੱਧ ਸੂਰੀ ਹਸਪਤਾਲ ਵਲੋਂ ਜਰੂਰਤਮੰਦਾਂ ਦੀ ਸਹੂਲਤ ਲਈ ਮੁਫ਼ਤ ਮੈਡੀਕਲ ਅਤੇ ਅੱਖਾਂ ਦਾ ਕੈਂਪ ਵੀ ਲੱਗ ਗਿਆ ਜਿਸ ਵਿਚ ਲਗਭਗ 500 ਤੋਂ ਵੱਧ ਮਰੀਜਾਂ ਦਾ ਮੁਫ਼ਤ ਚੈਕਅਪ ਕਰ ਕੇ ਦਵਾਈਆਂ ਅਤੇ ਐਨਕਾਂ ਮੁਫ਼ਤ ਦਿੱਤੀਆਂ ਗਈਆਂ। ਇਸ ਮੌਕੇ 'ਤੇ ਡਾ. ਭੁਪਿੰਦਰ ਸਿੰਘ ਸੂਰੀ ਅਤੇ ਅਮਨਦੀਪ ਕੌਰ ਸੂਰੀ ਆਪਣੀ ਟੀਮ ਨਾਲ ਮੌਜੂਦ ਰਹੇ।

ਟਾਪਰ ਅਵੰਤਿਕਾ ਦਾ ਸਿੱਖਿਆ ਮੰਤਰੀ ਵੱਲੋਂ ਸਨਮਾਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਿਖੇ ਕਰਵਾਏ ਗਏ ਇਨਾਮ ਵੰਡ ਸਮਾਰੋਹ ਵਿੱਚ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨੇ ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਦੀ ਬਾਰਵੀਂ ਮਾਡਲ ਆਫਿਸ ਪ੍ਰੈਕਟਿਸ ਟਰੇਡ ਦੀ ਵਿਦਿਆਰਥਨ ਅਵੰਤਿਕਾ ਸ਼ਰਮਾ ਨੂੰ ਵੋਕੇਸ਼ਨਲ ਸਟਰੀਮ ਵਿੱਚੋਂ ਪੰਜਾਬ ਭਰ ਵਿੱਚੋਂ ਮਾਰਚ 2023 ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਗਿਆ। ਚੇਅਰਪਰਸਨ, ਸਕੱਤਰ ਅਤੇ ਪੰਜਾਬੀ ਤੇ ਉੱਘੇ ਲੇਖਕ ਸੁਰਜੀਤ ਪਾਤਰ ਵੀ ਮੌਜੂਦ ਸਨ। ਬੈਂਸ ਦੁਆਰਾ ਵਿਦਿਆਰਥਣ ਨੂੰ ਹੋਰ ਮੱਲਾਂ ਮਾਰਨ ਲਈ ਉਤਸ਼ਾਹਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸ੍ਰੀਮਤੀ ਲਲਿਤਾ ਅਰੋੜਾ ਨੇ ਵਿਦਿਆਰਥਨ ਅਵੰਤਿਕਾ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਵਧੀਆ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਖਿਡਾਰੀਆਂ ਤੇ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਕੀਤੇ ਵਿਆਪਕ ਉਪਰਾਲੇ : ਬੈਂਸ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿਚ ਖਿਡਾਰੀਆਂ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵਿਆਪਕ ਉਪਰਾਲੇ ਕਰ ਰਹੀ ਹੈ। ਸਰਕਾਰ ਵੱਲੋਂ ਪਿੰਡਾਂ ਵਿਚ ਖੇਡ ਮੈਦਾਨਾ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ ਅਤੇ ਖਿਡਾਰੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਇਨ੍ਹਾਂ ਖੇਡ ਮੈਦਾਨਾ ਵਿਚ ਆਧੁਨਿਕ ਸਹੂਲਤਾ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਤਹਿਸੀਲ ਨੂਰਪੁਰ ਬੇਦੀ ਦੇ ਪਿੰਡ ਜੱਟਪੁਰ ਵਿੱਚ ਅਜਾਦ ਸਪੋਰਟਸ ਕਲੱਬ ਵੱਲੋਂ ਆਯੋਜਿਤ ਵਾਲੀਬਾਲ ਤੇ ਰੱਸਾ ਕੱਸੀ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡਣ ਮੌਕੇ ਖਿਡਾਰੀਆਂ ਅਤੇ ਇਲਾਕਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਨੂੰ ਅਜਿਹੇ ਖਿਡਾਰੀ ਦਿੱਤੇ ਹਨ ਜਿਨ੍ਹਾਂ ਨੇ ਅੰਤਰਰਾਸ਼ਟਰੀ ਖੇਡਾਂ ਵਿੱਚ ਦੇਸ਼ ਦੀ ਅਗਵਾਈ ਕੀਤੀ ਹੈ। ਸਾਡੇ ਪੰਜਾਬ ਦੇ ਸਨਮਾਨਯੋਗ ਖਿਡਾਰੀ ਦਾਰਾ ਸਿੰਘ ਅਤੇ ਮਿਲਖਾ ਸਿੰਘ ਦਾ ਨਾਂਅ ਅੱਜ ਵੀ ਚਮਕਦੇ ਸਿਤਾਰਿਆ ਦੀ ਤਰ੍ਹਾਂ ਹੋਰ ਖਿਡਾਰੀਆਂ ਲਈ ਮਾਰਗ ਦਰਸ਼ਕ ਬਣਿਆ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਖੇਡਾਂ ਨਾਲ ਸਰੀਰ

ਤੰਦਰੁਸਤ ਅਤੇ ਦਿਮਾਗ ਸਿਹਤਮੰਦ ਹੁੰਦਾ ਹੈ। ਖੇਡਾਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਹਨ। ਖਿਡਾਰੀਆਂ ਲਈ ਢੁੱਕਵਾਂ ਵਾਤਾਵਰਣ ਉਪਲੱਬਧ ਕਰਵਾਉਣਾ ਸਾਡੀ ਜਿੰਮੇਵਾਰੀ ਹੈ, ਜਿਹੜੇ ਕਲੱਬ ਜਾ ਸੰਸਥਾਨ ਖੇਡ ਮੁਕਾਬਲਿਆਂ ਦਾ ਆਂਯੋਜਨ ਕਰਵਾਉਦੇ ਹਨ, ਉਨ੍ਹਾਂ ਦੀ ਭੂਮਿਕਾ ਬੇਹੱਦ ਸ਼ਲਾਘਾਯੋਗ ਹੈ।

ਸਿੱਖਿਆ ਦੇ ਖੇਤਰ ਵਿੱਚ ਸੁਧਾਰਾ ਦਾ ਜਿਕਰ ਕਰਦੇ ਹੋਏ ਬੈਂਸ ਨੇ ਕਿਹਾ ਕਿ ਸਾਡੇ ਸਕੂਲਾਂ ਦੀ ਨੁਹਾਰ ਬਦਲ ਰਹੀ ਹੈ, ਸਕੂਲਾਂ ਵਿਚ ਵਿੱਦਿਆ ਦਾ ਪੱਧਰ ਬਹੁਤ ਉੱਚਾ ਹੋਇਆ ਹੈ। ਅਸੀਂ ਵਿਦਿਆਰਥੀਆਂ ਨੂੰ ਮੁਕਾਬਲੇਬਾਜੀ ਦੇ ਲਈ ਤਿਆਰ ਕਰ ਰਹੇ ਹਾਂ। ਇਸ ਲਈ ਸਕੂਲਾਂ ਵਿਚ ਵਿੱਦਿਆ ਦੇ ਨਾਲ ਨਾਲ ਹੋਰ ਗਤੀਵਿਧੀਆ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ। ਸਕੂਲ ਭਵਿੱਖ ਦੀ ਨਰਸਰੀ ਹਨ, ਇੱਥੋਂ ਖਿਡਾਰੀ ਤੇ ਵਿਦਿਆਰਥੀ ਤਿਆਰੀ ਹੁੰਦੇ ਹਨ, ਜੋ ਦੇਸ਼ ਦਾ ਨਾਂਅ ਸੰਸਾਰ ਭਰ ਵਿੱਚ ਚਮਕਾਉਂਦੇ ਹਨ, ਇਸ ਲਈ ਸਕੂਲਾਂ ਵਿਚ ਬੁਨਿਆਦੀ ਸਹੂਲਤਾ ਹੋਣੀਆਂ ਬੇਹੱਦ ਜਰੂਰੀ ਹਨ।

ਸਾਡੀ ਸਰਕਾਰ ਨੇ ਸਕੂਲ ਸਿੱਖਿਆ 'ਤੇ ਜੋਰ ਦਿੰਦੇ ਹੋਏ ਸਿੱਖਿਆ ਵਿੱਚ ਕ੍ਰਾਂਤੀਕਾਰੀ ਕਦਮ ਚੁੱਕੇ ਹਨ। ਸਕੂਲਾਂ ਨੂੰ ਗ੍ਰਾਟਾਂ ਦਿੱਤੀਆਂ ਜਾ ਰਹੀਆਂ ਹਨ। ਸਿੱਖਿਆ ਮੰਤਰੀ ਨੇ ਸਰਕਾਰੀ ਸਕੂਲ ਦੀ ਚਾਰਦੀਵਾਰੀ ਲਈ 25 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਅਤੇ ਕੁਸ਼ਤੀ ਮੁਕਾਬਲਿਆਂ ਲਈ ਮੈਟ ਅਤੇ ਹੋਰ ਬੁਨਿਆਦੀ ਸਹੂਲਤਾਂ ਮੁਹੱਇਆ ਕਰਵਾਉਣ ਦਾ ਵਾਅਦਾ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ, ਕੈਪਟਨ ਮੋਹਨ ਸਿੰਘ, ਰਿਕੂ, ਬਲਜੀਤ ਸਿੰਘ, ਬਿੰਦੀ, ਸਿੰਮੂ, ਜਰਨੈਲ ਸਿੰਘ, ਜਸਵੀਰ ਸਿੰਘ ਸਰਪੰਚ, ਗੁਰਭਜਨ ਸਿੰਘ, ਦਵਿੰਦਰ ਸਿੰਘ, ਰੂਬੀ ਭੁੱਲਰ ਤੇ ਨੌਜਵਾਨ ਵੱਡੀ ਗਿਣਤੀ ਹਾਜਰ ਸਨ।

ਮੰਤਰੀ ਵੱਲੋਂ ਆਂਗਣਵਾੜੀ ਸੁਪਰਵਾਈਜ਼ਰਾਂ ਦੀਆਂ ਮੰਗਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ

ਚੰਡੀਗੜ੍ਹ (ਕ੍ਰਿਸ਼ਨ ਗਰਗ) ਆਂਗਣਵਾੜੀ ਸੁਰਵਾਈਜ਼ਰਾਂ ਦੀਆਂ ਮੰਗਾਂ ਨੂੰ ਹੱਲ ਕਰਵਾਉਣ ਲਈ ਆਲ ਪੰਜਾਬ ਸੁਪਰਵਾਈਜ਼ਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਸਮਾਜਿਕ ਸੁੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨਾਲ ਉਹਨਾਂ ਦੇ ਦਫਤਰ ਸਕੱਤਰੇਤ ਚੰਡੀਗੜ੍ਹ ਮੀਟਿੰਗ ਹੋਈ। ਜੱਥੇਬੰਦੀ ਦੀ ਸੂਬਾ ਪ੍ਰਧਾਨ ਰਵਿੰਦਰ ਕੌਰ ਦੀ ਅਗਵਾਈ ਹੇਠ ਮਿਲੇ ਵਫਦ ਵਲੋਂ ਲਿਖਤੀ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਯੋਗਤਾ ਅਨੁਸਾਰ ਸੁਪਰਵਾਈਜ਼ਰਾਂ ਦੀਆਂ 450 ਅਸਾਮੀਆਂ ਨੂੰ ਪਹਿਲ ਦੇ ਆਧਾਰ 'ਤੇ ਭਰਿਆ ਜਾਵੇ, ਸਾਲ 2020 ਵਿੱਚ ਭਰਤੀ ਹੋਈਆਂ ਸੁਪਰਵਾਈਜ਼ਰਾਂ ਦਾ ਪਰਖ-ਕਾਲ ਸਮਾਂ 3 ਸਾਲ ਤੋਂ ਘਟਾ ਕੇ ਇੱਕ ਸਾਲ ਕੀਤਾ ਜਾਵੇ, ਪੰਜਾਬ ਦਾ ਸਕੇਲ ਲਾਗੂ ਕੀਤਾ ਜਾਵੇ, ਸੁਪਰਵਾਈਜ਼ਰਾਂ ਦੀਆਂ ਤਰੱਕੀਆਂ ਬਤੌਰ ਸੀ.ਡੀ.ਪੀ.ਓ. ਜਲਦ ਕੀਤੀਆਂ ਜਾਣ ਕਿਉਂਕਿ ਵਿਭਾਗ ਵਿੱਚ ਸੀ.ਡੀ.ਪੀ.ਓ. ਦੀਆਂ 155 ਅਸਾਮੀਆਂ ਵਿੱਚੋਂ 50 ਅਸਾਮੀਆਂ ਖਾਲੀ ਹਨ ਅਤੇ ਇੱਕ-ਇੱਕ ਸੀ.ਡੀ.ਪੀ.ਓ. ਨੂੰ ਦੋ-ਤਿੰਨ ਬਲਾਕਾਂ ਦਾ ਕੰਮ ਦੇਖਣਾ ਪੈ ਰਿਹਾ ਹੈ, ਸੁਪਰਵਾਈਜ਼ਰਾਂ ਨੂੰ ਮਿਲਣ ਵਾਲਾ ਬੱਝਵਾਂ ਸਫਰੀ ਭੱਤਾ ਅਤੇ ਪੇਂਡੂ ਭੱਤਾ ਜੋ ਕਿ ਛੇਵੇਂ ਤਨਖਾਹ ਕਮਿਸ਼ਨ ਵਿੱਚ ਰੋਕ ਦਿੱਤਾ ਗਿਆ ਸੀ, ਨੂੰ ਤੁਰੰਤ ਬਹਾਲ ਕੀਤਾ ਜਾਵੇ, ਬਾਲ ਭਲਾਈ ਕਾਊਂਸਲ ਦੇ ਤਿੰਨ ਪ੍ਰੋਜੈਕਟਾਂ ਨੂੰ ਵਿਭਾਗ ਅਧੀਨ ਲਿਆਂਦਾ ਜਾਵੇ, ਦਫਤਰਾਂ ਵਿੱਚ ਲੇਖਾਕਾਰ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ, ਦਫਤਰਾਂ ਵਿੱਚ ਸਵੀਪਰਾਂ ਦਾ ਪ੍ਰਬੰਧ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ। ਮੰਤਰੀ ਵਲੋਂ ਵਫਦ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਇਹਨਾਂ ਮੰਗਾਂ ਦਾ ਨਿਪਟਾਰਾ ਜਲਦ ਤੋਂ ਜਲਦ ਕੀਤਾ ਜਾਵੇਗਾ। ਇਸ ਮੌਕੇ ਸੁਖਦੀਪ ਸਿੰਘ ਡਿਪਟੀ ਡਾਇਰੈਕਟਰ, ਸੰਦੀਪ ਕੌਰ, ਸ਼ਰਮੀਲਾ ਰਾਣੀ, ਵੀਰਪਾਲ ਕੌਰ, ਰਜਿੰਦਰ ਕੌਰ, ਕੁਲਦੀਪ ਕੌਰ ਆਦਿ ਆਗੂ ਵੀ ਹਾਜਰ ਸਨ।

ਸੀਟੀ ਗਰੁੱਪ 'ਚ ਮਕਰ ਸੰਕ੍ਰਾਂਤੀ ਦੇ ਤਿਉਹਾਰ ਨਾਲ ਕੈਂਪਸ 'ਚ ਲੱਗੀਆਂ ਰੌਣਕਾਂ

ਜਲੰਧਰ (ਸ਼ੈਲੀ ਐਲਬਰਟ):- ਸੀਟੀ ਗਰੁੱਪ ਨੇ ਆਪਣੇ ਕੈਂਪਸ 'ਚ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੇ ਇੱਕ ਜੀਵੰਤ ਜਸ਼ਨ ਦਾ ਆਯੋਜਨ ਕੀਤਾ, ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਣਯੋਗ ਅਧਿਕਾਰੀਆਂ ਨੂੰ ਸੱਭਿਆਚਾਰਕ ਪ੍ਰੋਗਰਾਮ ਵਿੱਚ ਇਕੱਠਾ ਕੀਤਾ ਗਿਆ।ਇਸ ਸਮਾਗਮ ਵਿੱਚ ਲੋਹੜੀ ਦਾ ਧੂਣਾ ਲਾਇਆ ਗਿਆ, ਪੂਰਾ ਕੈਂਪਸ ਪਰੰਪਰਾ ਦੇ ਨਿੱਘ ਨਾਲ ਗੂੰਜਿਆ ਕਿਉਂਕਿ ਸਾਰਿਆਂ ਨੇ ਆਸ਼ੀਰਵਾਦ ਦਾ ਆਦਾਨ-ਪ੍ਰਦਾਨ ਕੀਤਾ ਅਤੇ ਤਿਉਹਾਰ ਦਾ ਆਨੰਦ ਮਾਣਿਆ। ਵਿਦਿਆਰਥੀਆਂ ਅਤੇ ਫੈਕਲਟੀ ਨੇ ਨਾਚ ਅਤੇ ਹੋਰ ਕਲਾਤਮਕ ਪ੍ਰਗਟਾਵੇ ਸਮੇਤ ਸੱਭਿਆਚਾਰਕ ਪ੍ਰਦਰਸ਼ਨਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਅਧਿਕਾਰੀਆਂ ਅਤੇ ਪ੍ਰਬੰਧਨ ਦੇ ਨਾਲ ਇੱਕ ਗੱਲਬਾਤ ਦਾ ਸੈਸ਼ਨ ਇਸ ਸਮਾਗਮ 'ਚ ਵਿਸ਼ੇਸ਼ ਰਿਹਾ, ਜਿਸ 'ਚ ਭਾਈਚਾਰੇ ਦੀ ਭਾਵਨਾ ਅਤੇ ਖੁੱਲ੍ਹੇ ਸੰਚਾਰ ਨੂੰ ਉਤਸ਼ਾਹਿਤ ਕੀਤਾ ਗਿਆ। ਸੀਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ, ਕੋ-ਚੇਅਰਪਰਸਨ ਪਰਮਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਡਾ.ਮਨਬੀਰ ਸਿੰਘ, ਕੈਂਪਸ ਦੇ ਡਾਇਰੈਕਟਰ ਜੀ ਐਸ ਸਿੱਧੂ, ਰਿਸਰਚ ਦੇ ਡਾਇਰੈਕਟਰ ਡਾ. ਧਾਮੀ ਅਤੇ ਡੀਨ ਸਟੂਡੈਂਟ ਵੈਲਫੇਅਰ ਡਾ. ਅਰਜਨ ਸਿੰਘ ਸ਼ਾਮਲ ਸਨ।ਚੇਅਰਮੈਨ ਚਰਨਜੀਤ ਸਿੰਘ ਚੰਨੀ ਨੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਅਤੇ ਮਨਾਉਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਸੀ ਟੀ ਗਰੁੱਪ ਵੱਲੋਂ ਸਭ ਦਾ ਧੰਨਵਾਦ ਕੀਤਾ।

ਭਾਈ ਮਹਾਂ ਸਿੰਘ, ਮਾਈ ਭਾਗੋ ਤੇ 40 ਮੁਕਤਿਆਂ ਦੀ ਯਾਦ 'ਚ ਗੁਰਮਤਿ ਸਮਾਗਮ

ਮੋਹਾਲੀ, (ਗੁਰਜੀਤ ਬਿੱਲਾ) ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਭਾਈ ਮਹਾਂ ਸਿੰਘ, ਮਾਈ ਭਾਗੋ ਅਤੇ 40 ਮੁਕਤਿਆਂ ਦੀ ਯਾਦ 'ਚ ਗੁਰਮਤਿ ਸਮਾਗਮ ਦਾ ਆਯੋਜਨ ਕਰਵ